ਕੀ ਤੁਸੀਂ ਬਾਲ ਸੰਭਾਲ ਲੱਭ ਰਹੇ ਹੋ?

ਸਹੀ ਚੋਣ ਕਰਨ ਵਿੱਚ ਮਦਦ ਕਰਨ ਵਾਸਤੇ ਇੱਕ ਸ਼ਿਓਰਸਟਾਰਟ (SureStart) ਗਾਈਡ

**ਜਾਣ ਪਛਾਣ (Introduction)**

**ਆਪਣੇ ਬਾਲ ਸੰਭਾਲ ਚੌਣੁਕਤਿਆਂ (options) ਬਾਰੇ ਜਾਣੋ ਅਤੇ ਇੱਕ ਸਮਝਦਾਰੀ ਭਰਿਆ ਫੈਸਲਾ ਕਰੋ। ਇਸ ਛੋਟੀ ਕਿਤਾਬ ਵਿੱਚ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਚੌਣੁਕਤਿਆਂ, ਭੱਤਿਆਂ ਅਤੇ ਸਲਾਹ ਬਾਰੇ ਜਾਣਕਾਰੀ ਹੈ।**

**ਵਿਸ਼ਾ ਸੂਚੀ**


| | |
|---|---|
| **ਪੰਨਾ** | **ਪੰਨਾ** |
| **1 ਜਾਣ ਪਛਾਣ (Introduction)**<br>1. ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰ ਸਕਦੀ ਹੈ?<br>2. ਪੁੱਗਣਯੋਗ ਬਾਲ ਸੰਭਾਲ | **16 ਇਹ ਕਿੰਨ੍ਹਾ ਕੁ ਮਹਿੰਗਾ ਪਵੇਗਾ? (How much will it cost?)**<br>16. ਖ਼ਰਚਿਆਂ ਵਿੱਚ ਮਦਦ<br>18. ਇਹ ਕਿੰਨ੍ਹਾ ਕੁ ਮਹਿੰਗਾ ਪਵੇਗਾ? ਇੱਕ ਤੇਜ਼ ਗਾਈਡ |
| **2 ਤੁਹਾਡੇ ਚੌਣੁਕਤੇ (Your choices)**<br>3. ਬਾਲ ਸੰਭਾਲਕ<br>4. ਨੈਨੀਆਂ ਅਤੇ ਹੋਰ ਘਰੇਲੂ ਬਾਲ ਸੰਭਾਲਕ<br>5. ਦੈਨਿਕ ਨਰਸਰੀਆਂ<br>6. ਨਰਸਰੀ ਸਕੂਲ ਅਤੇ ਜਮਾਤਾਂ<br>7. ਪਹਿਲ-ਸਕੂਲ (ਪ੍ਰੀ ਸਕੂਲ) ਜਾਂ ਖੇਡ ਗਰੁੱਪ (ਪਲੇ-ਗਰੁੱਪ)<br>8. ਸ਼ਿਓਰਸਟਾਰਟ ਬਾਲ ਕੇਂਦਰ<br>9. ਸਕੂਲ ਵਿਚਲੀ ਬਾਲ ਸੰਭਾਲ | **10 ਚੁਣਨਾ ਅਤੇ ਪ੍ਰਬੰਧ ਕਰਨਾ (Choosing and Arranging)**<br>11. ਬਾਲ ਸੰਭਾਲ ਦੀ ਚੋਣ ਕਰਨ ਅਤੇ ਪ੍ਰਬੰਧ ਕਰਨ ਵਿੱਚ ਕੁਝ ਕਰਨਯੋਗ ਅਤੇ ਨਾ ਕਰਨਯੋਗ ਗੱਲਾਂ<br>11. ਕੀ ਦੇਖਿਆ ਜਾਵੇ<br>12. ਉਹਨਾਂ ਨੂੰ ਵਸਾਉਣਾ<br>12. ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ<br>14. ਗੁਣਾਤਮਕ ਬਾਲ ਸੰਭਾਲ<br>15. ਜੇ ਤੁਹਾਡੇ ਬੱਚੇ ਨੂੰ ਅਪੰਗਤਾ ਹੈ ਜਾਂ ਜੇ ਉਸਦੀਆਂ ਕੋਈ ਵਿਸ਼ੇਸ਼ ਸਿੱਖਿਆ ਲੋੜਾਂ ਹਨ |
| **20 ਕੰਮ ਅਤੇ ਪਰਿਵਾਰ ਨੂੰ ਸੰਤੁਲਿਤ ਕਰਨਾ (Balancing work and family)**<br>20. ਕਿਸਨੂੰ ਕੀ ਮਿਲਦਾ ਹੈ?<br>21 ਕੰਮ ਜਾਂ ਪੜ੍ਹਾਈ ਵੱਲ ਵਾਪਸ ਮੁੜਨਾ<br>21 ਲਚਕਦਾਰ ਤਰੀਕੇ ਨਾਲ ਕੰਮ ਕਰਨਾ<br>22. ਕੀ ਤੁਸੀਂ ਬਾਲ ਸੰਭਾਲ ਦੇ ਖੇਤਰ ਵਿੱਚ ਨੌਕਰੀ ਬਾਰੇ ਸੋਚ ਰਹੇ ਹੋ?<br>23. ਸ਼ਿਓਰ ਸਟਾਰਟ, ਬਾਲ ਸੰਭਾਲ ਅਤੇ ਸ਼ੁਰੂਆਤੀ ਸਾਲਾਂ ਦਾ ਭਵਿੱਖ | **23 ਜਾਣਕਾਰੀ ਕਿੱਥੋਂ ਲੱਭੀ ਜਾਵੇ (Where to find info)**<br>24. ਸੰਪਰਕ ਪਤੇ<br>28. ਵਿਸ਼ਾ ਸੂਚੀ |


## ਕੀ ਤੁਸੀਂ ਬਾਲ ਸੰਭਾਲ ਲੱਭ ਰਹੇ ਹੋ?

ਬਾਲ ਸੰਭਾਲ ਸਬੰਧੀ ਫੈਸਲੇ ਹਿੰਮਤ-ਤੋੜ ਦੇਣ ਵਾਲੇ ਅਤੇ ਮਹਿੰਗੇ ਲੱਗ ਸਕਦੇ ਹਨ। ਸ਼ਿਓਰਸਟਾਰਟ ਨੇ ਤੁਹਾਨੂੰ ਚੋਣਾਂ ਕਰਨ ਵਿੱਚ ਮੱਦਦ ਕਰਨ ਵਾਸਤੇ ਇਸ ਕਿਤਾਬਚੇ ਨੂੰ ਪ੍ਰਕਾਸ਼ਿਤ ਕੀਤਾ ਹੈ। ਭਾਵੇਂ ਤੁਸੀਂ ਅਜੇ ਆਪਣੇ ਬੱਚੇ ਨੂੰ ਬਾਲ ਸੰਭਾਲ ਵਿੱਚ ਛੱਡਣ ਵਾਸਤੇ ਤਿਆਰ ਨਹੀਂ ਵੀ ਹੋ ਤਾਂ ਵੀ ਇਸ ਬਾਰੇ ਹੁਣੇ ਤੋਂ ਸੋਚਣਾ ਸ਼ੁਰੂ

ਕਰਨਾ ਅਕਲਮੰਦੀ ਹੈ। ਚੌਨੁਕਤੇ ਬਹੁਤ ਸਾਰੇ ਹਨ ਪਰ ਇਹਨਾਂ ਵਿਚੋਂ ਤੁਹਾਡੇ ਵਾਸਤੇ ਕਿਹੜਾ ਸਹੀ ਹੈ? ਚੋਣ ਕਰਨ ਅਤੇ ਅਗਾਂਹ ਵਧਣ ਵਾਸਤੇ ਤੁਸੀਂ ਕਿਵੇਂ ਸ਼ੁਰੂਆਤ ਕਰਦੇ ਹੋ?

## ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰ ਸਕਦੀ ਹੈ

ਅੱਜਕੱਲ ਵੱਖੋ ਵੱਖਰੀਆਂ ਕਿਸਮਾਂ ਦੀਆਂ ਬਹੁਤ ਸਾਰੀਆਂ ਪਰਿਵਾਰਕ ਸਥਾਪਨਾਵਾਂ ਹਨ, ਸਾਰੀਆਂ (ਪਰਿਵਾਰਕ ਸਥਾਪਨਾਵਾਂ) ਦੀਆਂ ਉਹਨਾਂ ਦੇ ਸਮੇਂ ਅਤੇ ਆਮਦਨ ਅਨੁਸਾਰ ਬਹੁਭਾਂਤੀਆਂ ਲੋੜਾਂ ਅਤੇ ਮੰਗਾਂ ਹਨ। ਤੁਹਾਡੇ ਇਹ ਦੇਖਣਾ ਪਵੇਗਾ ਕਿ ਕਿਹੜਾ ਪ੍ਰਬੰਧਨ ਤੁਹਾਡੇ ਵਾਸਤੇ ਸਭ ਤੋਂ ਵਧੀਆ ਹੈ - ਨਿੱਜੀ ਨਜ਼ਰੀਏ ਦੇ ਹਿਸਾਬ ਨਾਲ ਵੀ ਅਤੇ ਵਿੱਤੀ ਨਜ਼ਰੀਏ ਦੇ ਹਿਸਾਬ ਨਾਲ਼ ਵੀ।

### ਤੁਹਾਡੇ ਵਾਸਤੇ ਫਾਇਦੇ

• ਬਹੁਤ ਸਾਰੇ ਚੰਗੀ ਗੁਣਵਤਾ (ਕੁਆਲਟੀ) ਦੇ ਪ੍ਰਬੰਧਨਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜਿੰਨ੍ਹਾਂ ਨੂੰ ਤੁਸੀਂ ਆਪਣੇ ਰੋਜ਼ਾਨਾ ਕਾਰਜ-ਸੂਚੀ, ਕੰਮ ਦੇ ਸਮੇਂ, ਪੜ੍ਹਾਈ ਜਾਂ ਸਿਖਲਾਈ ਨਾਲ ਮੇਲ ਖੁਆਉਣ ਵਾਸਤੇ ਰਲਗੱਡ ਕਰ ਸਕਦੇ ਹੋ ਅਤੇ ਜਚਾ ਸਕਦੇ ਹੋ। ਆਪਣੇ ਅਤੇ ਆਪਣੇ ਬੱਚੇ ਵਾਸਤੇ ਸਹੀ ਚੋਣ ਕਰਨ ਵਿੱਚ ਮਦਦ ਵਾਸਤੇ, ਪੰਨਾ 8 ਤੇ ਜਾਓ।

• ਕੰਮ ਕਰਨ ਦੇ ਲਚਕਦਾਰ ਤਰੀਕੇ ਤੁਹਾਨੂੰ ਬਾਲ ਸੰਭਾਲ ਅਤੇ ਪੜ੍ਹਾਈ ਨੂੰ ਫਿੱਟ ਬੈਠਾਉਣ ਦਾ ਮੌਕਾ ਵੀ ਦਿੰਦੇ ਹਨ। (ਵਿਸਥਾਰ, ਪੰਨਾ 21 ਤੇ ਦੇਖੋ)।

• ਚਾਹੇ ਤੁਸੀਂ ਕੰਮ ਕਰਦੇ ਹੋਵੋਂ ਜਾਂ ਨਾ, ਬਾਲ ਸੰਭਾਲ ਨੂੰ ਪੁੱਗਣਯੋਗ ਬਣਾਉਣ ਵਾਸਤੇ ਸਰਕਾਰ ਵੱਲੋਂ ਵੀ ਵਿੱਤੀ ਸਹਾਇਤਾ ਉਪਲਬਧ ਹੈ। ਕੀ ਉਪਲਬਧ ਹੈ ਅਤੇ ਇਸ ਵਾਸਤੇ ਦਾਅਵਾ ਕਿਵੇਂ ਕਰਨਾ ਹੈ, ਵਾਸਤੇ ਪੰਨਾ 58 ਤੇ 'ਖਰਚਿਆਂ ਵਿੱਚ ਮਦਦ' ਖੰਡ ਦੇਖੋ।

### ਤੁਹਾਡੇ ਬੱਚੇ ਵਾਸਤੇ ਫਾਇਦੇ

• ਚੰਗੀ ਗੁਣਵਤਾ ਦੀ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਤੁਹਾਡੇ ਬੱਚੇ ਨੂੰ ਪ੍ਰਾਇਮਰੀ ਸਕੂਲ ਵਿੱਚ ਸ਼ੁਰੂਆਤੀ ਬੜਤ ਦਿੰਦੀ ਹੈ ਕਿਉਂਕਿ ਇਹ ਚੰਗੇਰੇ ਸਿੱਖਿਆਤਮਕ, ਜ਼ਜਬਾਤੀ ਅਤੇ ਸਮਾਜਕ ਵਿਕਾਸ ਨੂੰ ਹੱਲਾਸ਼ੇਰੀ ਦਿੰਦੀ ਹੈ।

• ਚੰਗੀ ਗੁਣਵਤਾ ਸਾਰੀਆਂ ਕਿਸਮਾਂ ਦੀਆਂ ਸਥਾਪਨਾਵਾਂ ਵਿੱਚ ਦੇਖੀ ਜਾ ਸਕਦੀ ਹੈ - ਉਦਾਹਰਨ ਲਈ ਉਹ ਸਥਾਪਨਾਵਾਂ ਜਿੱਥੇ : - ਕੁਝ ਅਮਲੇ ਕੋਲ ਮਾਨਤਾ ਪ੍ਰਾਪਤ ਸ਼ੁਰੂਆਤੀ ਸਿੱਖਿਆ ਯੋਗਤਾ ਹੁੰਦੀ ਹੈ; - ਪ੍ਰਬੰਧਕ ਇੱਕ ਸਿਖਲਾਈ ਪ੍ਰਾਪਤ ਅਧਿਆਪਕ ਹੁੰਦਾ ਹੈ; - ਸਿਖਲਾਈ ਪ੍ਰਾਪਤ ਅਧਿਆਪਕ ਅਮਲੇ ਵਿੱਚ ਸ਼ਾਮਲ ਹਨ; - ਬਾਲਗਾਂ ਦੇ ਬੱਚਿਆਂ ਨਾਲ ਕਿਰਿਆਸ਼ੀਲ ਅਤੇ ਨਿੱਘੇ ਸਬੰਧ ਹਨ; ਅਤੇ - ਸਪੱਸ਼ਟ ਸਿੱਖਿਆਤਮ ਟੀਚੇ ਹਨ।

• ਚੰਗੀ ਗੁਣਵਤਾ ਦੀ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਦੇ ਤਜ਼ਰਬੇ ਵਾਲੇ ਬੱਚੇ 7 ਸਾਲ ਦੇ ਹੋਣ ਤੇ KS1 ਕੌਮੀ ਮੁਲਾਂਕਣਾਂ ਵਿੱਚ ਅੰਗਰੇਜ਼ੀ ਅਤੇ ਗਣਿਤ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਂਦੇ ਹਨ।

• ਉਹ ਬੱਚੇ ਜਿਹੜੇ ਚੰਗੀ ਗੁਣਵਤਾ ਦੀ ਸਥਾਪਨਾ ਵਿੱਚ ਹਾਜ਼ਰੀ ਭਰਦੇ ਹਨ, ਉਹਨਾਂ ਦੀ ਪ੍ਰਾਇਮਰੀ ਸਕੂਲ ਸ਼ੁਰੂ ਹੋਣ ਤੇ ਨਿਰਪੱਖ, ਬਿਹਤਰ ਧਿਆਨ ਕੇਂਦਰਤ ਕਰਨ ਅਤੇ ਜ਼ਿਆਦਾ ਸਮਾਜਕ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

• ਅੰਸ਼ਕ ਸਮੇਂ ਦੀ ਹਾਜ਼ਰੀ ਵੀ ਓਨੀ ਹੀ ਚੰਗੀ ਹੈ ਜਿੰਨੀ ਕਿ ਪੂਰੇ ਸਮੇਂ ਦੀ ਹਾਜ਼ਰੀ।

• ਤੁਹਾਡੇ ਦੁਆਰਾ ਚੁਣੀ ਗਈ ਬਾਲ ਸੰਭਾਲ ਦੀ ਕਿਸਮ ਦੀ ਪਰਵਾਹ ਕੀਤੇ ਬਗੈਰ, ਤੁਸੀਂ ਘਰੇ ਕੀ ਕਰਦੇ ਹੋ, ਇਹ ਤੁਹਾਡੇ ਬੱਚੇ ਦੇ ਵਿਕਾਸ ਵਿੱਚ ਅਸਲੀ ਫਰਕ ਲਿਆ ਸਕਦਾ ਹੈ। ਚੰਗੀ ਗੁਣਵਤਾ ਦੀ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਦੇ ਨਾਲ ਨਾਲ ਤੁਸੀ ਆਪਣੇ ਬੱਚੇ ਦੇ ਵਿਕਾਸ ਵਿੱਚ ਇਸ ਤਰਾਂ ਸਹਾਇਤਾ ਕਰ ਸਕਦੇ ਹੋ :- ਉਹਨਾਂ ਨੂੰ ਪੜ੍ਹ ਕੇ ਸੁਣਾਉਣਾ; - ਗੀਤ ਅਤੇ ਨਰਸਰੀ ਕਵਿਤਾਵਾਂ ਸਿਖਾਉਣਾ; - ਅੱਖਰਾਂ ਅਤੇ ਅੰਕਾਂ ਨਾਲ ਖੇਡਣਾ; - ਰੰਗ ਭਰਨੇ ਅਤੇ ਚਿਤਰ ਬਣਾਉਣੇ; - ਉਹਨਾਂ ਨੂੰ ਲਾਇਬਰੇਰੀ ਵਿੱਚ ਲੈ ਕੇ ਜਾਣਾ; ਅਤੇ - ਉਹਨਾਂ ਵਾਸਤੇ ਘਰ ਵਿੱਚ ਦੋਸਤਾਂ ਨਾਲ ਖੇਡਣ ਦੇ ਮੌਕੇ ਪੈਦਾ ਕਰਨੇ।

ਉੱਚ ਗੁਣਵਤਾ ਦੀ ਬਾਲ ਸੰਭਾਲ ਦੇ ਫਾਇਦਿਆਂ ਬਾਰੇ ਜਿਆਦਾ ਜਾਣਕਾਰੀ ਵਾਸਤੇ ਦੇਖੋ **www.surestart.gov.uk**

### ਪੁੱਗਣਯੋਗ ਬਾਲ-ਸੰਭਾਲ

ਇਸਤੋਂ ਪਹਿਲਾਂ ਕਿ ਤੁਸੀਂ ਲੱਭਣਾ ਸ਼ੁਰੂ ਕਰੋਂ, ਅਜਿਹਾ ਸੋਚਣਾ ਆਸਾਨ ਹੈ ਕਿ "ਭੁੱਲ ਜਾਓ ਬਾਲਸੰਭਾਲ, ਮੈਂ ਇਸਦੇ ਖਰਚੇ ਨਹੀਂ ਝੱਲ ਸਕਦਾ"। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਚੰਗੀ ਗੁਣਵਤਾ ਦੀ ਬਾਲ ਸੰਭਾਲ ਮੋਟੀ ਕੀਮਤ ਵਾਲੇ ਟੈਗ ਨਾਲ ਲੱਗ ਕੇ ਆਉਂਦੀ ਹੈ ਅਤੇ ਕੇਵਲ ਸਰਦੇ-ਪੁੱਜਦੇ ਲੋਕਾਂ ਵਾਸਤੇ ਹੀ ਹੈ। ਪਰ ਫਿਰ ਵੀ ਇਹ ਯਾਦ ਰੱਖਣਯੋਗ ਹੈ ਕਿ ਤੁਹਾਡੀ ਮਾਲੀ ਹਾਲਤ ਜੋ ਵੀ ਹੋਵੇ, ਉਪਲਬਧ ਚੋਣਕਤੇ (options) ਬਹੁਤ ਸਾਰੇ ਹਨ। ਜ਼ਿਆਦਤਰ ਪਰਿਵਾਰਾਂ ਨੂੰ ਖਰਚੇ ਵਿੱਚ ਸ਼ੁਰੂ ਤੋਂ ਹੀ ਮਦਦ ਕੀਤੀ ਜਾਂਦੀ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਮਾਲਕ ਬਾਲ ਸੰਭਾਲ ਵਿੱਚ ਮਦਦ ਮੁਹੱਈਆ ਕਰਦੇ ਹਨ (ਦੇਖੋ ਪੰਨਾ 16)। ਹੈਰਾਨੀਜਨਕ ਤੌਰ ਤੇ, ਅਜਿਹੇ ਭੱਤੇ ਵੀ ਹਨ, ਜਿੰਨ੍ਹਾਂ ਬਾਰੇ ਡਧ ਦੇ ਬਹੁਤ ਸਾਰੇ ਕੰਮਕਾਜ਼ੀ ਪਰਿਵਾਰ ਦਾਅਵਾ ਹੀ ਨਹੀਂ ਕਰਦੇ ਕਿਉਂਕਿ ਉਹ ਇਹਨਾਂ ਬਾਰੇ ਜਾਣਦੇ ਹੀ ਨਹੀਂ ਜਾਂ ਉਹ ਇਹ ਸੋਚਦੇ ਹਨ ਕਿ ਉਹ ਇਸ ਵਾਸਤੇ ਯੋਗ ਨਹੀਂ ਹਨ। ਇਹਨਾਂ ਨੂੰ ਛੱਡ ਦੇਣਾ, ਤੁਹਾਡੀਆਂ ਚੋਣਾਂ ਵਿੱਚ ਬਹੁਤ ਵੱਡਾ ਫਰਕ ਪਾ ਸਕਦਾ ਹੈ। ਕੀ ਕੁਝ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਕੀ ਤੁਸੀਂ ਇਸ ਦੇ ਹੱਕਦਾਰ ਹੋ ਅਤੇ ਇਸਦਾ ਦਾਅਵਾ ਕਿਵੇਂ ਕਰਨਾ ਹੈ, ਬਾਰੇ ਪੰਨਾ 20 ਦੇਖੋ।

## ਟੈਕਸ ਜਮ੍ਹਾਂ (Credit) ਲਵੋ ਜਿਸਦੇ ਤੁਸੀਂ ਹੱਕਦਾਰ ਹੋ

ਟੈਕਸ ਜਮ੍ਹਾਂ : ਦਸਾਂ ਵਿੱਚੋਂ ਨੌਂ ਪਰਿਵਾਰ ਟੈਕਸ ਜਮ੍ਹਾਂ ਵਾਸਤੇ ਯੋਗ ਹਨ। ਤੁਹਾਨੂੰ ਕਿੰਨੀ ਰਕਮ ਮਿਲਦੀ ਹੈ, ਇਹ ਤੁਹਾਡੇ ਹਾਲਾਤਾਂ ਤੇ ਨਿਰਭਰ ਕਰਦਾ ਹੈ। ਇਹ ਜਾਨਣ ਲਈ ਕਿ ਤੁਹਾਨੂੰ ਕਿੰਨੀ ਰਕਮ ਮਿਲ ਸਕਦੀ ਹੈ ਅਤੇ ਆਨਲਾਈਨ ਇਸਦਾ ਦਾਅਵਾ ਕਿਵੇਂ ਕਰਨਾ ਹੈ, ਦੇਖੋ www.inlandrevenue.gov.uk/taxcredits

ਬਾਲ ਟੈਕਸ ਜਮ੍ਹਾਂ (Child Tax Credit - CTC): ਇੱਕ ਬੱਚੇ ਵਾਸਤੇ 32 ਪੌਂਡ ਪ੍ਰਤੀ ਹਫਤਾ ਤੋਂ ਜਿਆਦਾ ਮਿਲਦਾ ਹੈ ਅਤੇ ਜਿਆਦਾ ਬੱਚਿਆਂ ਵਾਸਤੇ ਇਹ ਹੋਰ ਵਧਦਾ ਜਾਂਦਾ ਹੈ। 58,000 ਪੌਂਡ ਤੱਕ ਦੀ ਆਮਦਨ ਵਾਲੇ ਪਰਿਵਾਰ (ਜਾਂ 66,000 ਪੌਂਡ ਜੇ ਘੱਟੋ ਘੱਟ ਇੱਕ ਬੱਚਾ ਇੱਕ ਸਾਲ ਤੋਂ ਘੱਟ ਉਮਰ ਦਾ ਹੋਵੇ) ਉਹਨਾਂ ਦੇ ਹਾਲਾਤਾਂ ਅਨੁਸਾਰ ਮਦਦ ਵਾਸਤੇ ਯੋਗ ਹੋ ਸਕਦੇ ਹਨ। ਜੇ ਤੁਹਾਡੇ ਕੋਈ ਅਪੰਗਤਾ ਵਾਲਾ ਬੱਚਾ ਹੈ ਤਾਂ ਤੁਹਾਨੂੰ ਵਾਧੂ ਮਦਦ ਮਿਲ ਸਕਦੀ ਹੈ।

ਕੰਮਕਾਜ਼ੀ ਟੈਕਸ ਜਮ੍ਹਾਂ (Working Tax Crdit - WTC): ਇਹ ਰੋਜ਼ਾਨਾ ਕਮਾਈ ਵਿੱਚ ਵਾਧੇ ਵਜੋਂ ਉਹਨਾਂ ਲੋਕਾਂ ਨੂੰ ਮਿਲਦਾ ਹੈ ਜਿੰਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ ਅਤੇ ਇਹ ਕੰਮਕਾਜ਼ੀ ਮਾਪਿਆਂ ਅਤੇ ਕੰਮਕਾਜ਼ੀ ਅਪੰਗ ਲੋਕਾਂ ਨੂੰ ਮਿਲਦਾ ਹੈ। WTC ਦੇ ਪੂਰੇ ਵਿਸਥਾਰ ਜਾਨਣ ਲਈ ਪੰਨਾ 16 ਦੇਖੋ।

ਕੰਮਕਾਜ਼ੀ ਟੈਕਸ ਜਮ੍ਹਾਂ ਦਾ ਬਾਲ-ਸੰਭਾਲ ਹਿਸਾ : ਇਸਦਾ ਟੀਚਾ ਕੰਮਕਾਜ਼ੀ ਮਾਪਿਆਂ ਦੀ ਬਾਲ ਸੰਭਾਲ ਖ਼ਰਚਿਆਂ ਵਿੱਚ ਮਦਦ ਕਰਨਾ ਹੈ। ਕੁਝ ਨਿਸ਼ਚਿਤ ਹੱਦਾਂ ਤੱਕ, ਤੁਸੀਂ ਪੰਜੀਕਿਰਤ (Registered) ਜਾਂ ਮਾਨਤਾ ਪ੍ਰਾਪਤ ਬਾਲ ਸੰਭਾਲ ਤੇ ਖਰਚ ਕੀਤੇ ਹਰੇਕ 1 ਪੌਂਡ ਵਾਸਤੇ 70 ਪੈਨੀਆਂ ਦਾ ਦਾਅਵਾ ਕਰ ਸਕਦੇ ਹੋ। ਕੰਮਕਾਜ਼ੀ ਟੈਕਸ ਜਮ੍ਹਾਂ ਦੇ ਬਾਲ ਸੰਭਾਲ ਹਿਸੇ ਦੇ ਪੂਰੇ ਵਿਸਥਾਰ ਜਾਨਣ ਲਈ ਪੰਨਾ 16 ਦੇਖੋ।

## ਤਿੰਨ ਅਤੇ ਚਾਰ ਸਾਲਾਂ ਦੇ ਸਾਰੇ ਬੱਚਿਆਂ ਵਾਸਤੇ ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ

ਤਿੰਨ ਅਤੇ ਚਾਰ ਸਾਲਾਂ ਦੇ ਸਾਰੇ ਬੱਚੇ ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ ਦੇ ਹੱਕਦਾਰ ਹਨ ਜਿਸਦਾ ਮਤਲਬ ਤੁਹਾਡੇ ਵਾਸਤੇ ਬਹੁਤ ਵੱਡੀ ਬੱਚਤ ਹੈ। ਇੱਕ ਮੁਫ਼ਤ ਅੰਸ਼ਕ-ਸਮੇਂ ਦੀ ਜਗ੍ਹਾ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਢਾਈ ਘੰਟੇ ਦੀ ਸ਼ੁਰੂਆਤੀ ਸਿੱਖਿਆ ਹਰੇਕ ਦਿਨ, ਹਫਤੇ ਵਿੱਚ ਪੰਜ ਦਿਨ ਅਤੇ ਸਾਲ ਵਿੱਚ 33 ਹਫ਼ਤਿਆਂ ਵਾਸਤੇ ਪ੍ਰਦਾਨ ਕੀਤੀ ਜਾਂਦੀ ਹੈ। ਇਹ ਤੁਹਾਡੇ ਬੱਚੇ ਦੇ ਤੀਜੇ ਜਨਮ ਦਿਨ ਤੋਂ ਬਾਅਦ ਆਉਣ ਵਾਲੀ ਕੌਮੀ ਪੱਧਰ ਤੇ ਨਿਰਧਾਰਤ ਟਰਮ ਤੋਂ ਲਾਗੂ ਹੁੰਦੀ ਹੈ।

ਇਹ ਅੰਸ਼ਕ ਸਮਾਂ ਸਥਾਨ - ਕਿਸੇ ਰਾਜਕੀ ਜਾਂ ਨਿੱਜੀ ਨਰਸਰੀ ਸਕੂਲ ਵਿੱਚਲੀਆਂ ਨਰਸਰੀ ਜਮਾਤਾਂ ਹੋ ਸਕਦੀਆਂ ਹਨ - ਦੈਨਿਕ ਨਰਸਰੀਆਂ ਵਿੱਚ ਹੋ ਸਕਦੀਆਂ ਹਨ - ਖੇਡ-ਗਰੁੱਪਾਂ ਜਾਂ ਪਹਿਲ-ਸਕੂਲਾਂ ਵਿੱਚ ਹੋ ਸਕਦੀਆਂ ਹਨ - ਬਾਲ ਸੰਭਾਲਕਾਂ ਕੋਲ ਹੋ ਸਕਦੀਆਂ ਹਨ ਜਿਹੜੇ ਕਿ ਕਿਸੇ ਮਾਨਤਾ ਪ੍ਰਾਪਤ ਬਾਲ ਸੰਭਾਲਣ ਨੈੱਟਵਰਕ ਦਾ ਹਿੱਸਾ ਹਨ। ਆਪਣੇ ਬੱਚੇ ਦੀ ਸ਼ੁਰੂਆਤੀ ਸਿੱਖਿਆ ਦਾ ਦਾਅਵਾ ਕਿਵੇਂ ਕਰਨਾ ਹੈ, ਬਾਰੇ ਜਾਨਣ ਲਈ ਚਾਈਲਡਕੇਅਰਲਿੰਕ ਰਾਹੀਂ ਬਾਲ ਜਾਣਕਾਰੀ ਸੇਵਾ (Children's Information Service – CIS) ਨਾਲ **0800 096 02 96** ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਜ਼ਿਆਦਾ ਜਾਣਕਾਰੀ ਵਾਸਤੇ...**ਅੰਦਰੂਨੀ ਮਾਲੀਏ (Inland Revenue) ਅਤੇ ਟੈਕਸ ਜਮ੍ਹਾਂ ਹੈਲਪਲਾਈਨ ਨੂੰ 0845 300 3900 ਤੇ ਕਾਲ ਕਰੋ। ਜੇ ਤੁਸੀਂ ਅੱਖਰ-ਫ਼ੋਨ ਦੀ ਵਰਤੋਂ ਕਰਦੇ ਹੋ ਤਾਂ ਨੰਬਰ **0845 300 3909** ਹੈ। ਤੁਸੀਂ www.inlandrevenue.gov.uk/taxcredits ਤੇ ਆਨਲਾਈਨ ਅਰਜ਼ੀ ਵੀ ਦੇ ਸਕਦੇ ਹੋ।

## ਤੁਹਾਡੇ ਚੋਣਕਤੇ (Your choices)

ਹਰੇਕ ਕਿਸਮ ਦੀ ਬਾਲ ਸੰਭਾਲ ਦੇ ਆਪਣੇ ਕੁਝ ਧਨਾਤਮਕ ਅਤੇ ਰਿਣਾਤਮਕ ਪੱਖ ਹੁੰਦੇ ਹਨ ਅਤੇ ਤੁਹਾਨੂੰ ਇਹ ਦੇਖਣ ਦੀ ਲੋੜ ਹੋਵੇਗੀ ਕਿ ਕੰਮ ਦੇ ਘੰਟਿਆਂ, ਬਜਟਾਂ, ਆਦਿ ਦੇ ਆਧਾਰ ਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀਆਂ ਲੋੜਾਂ ਲਈ ਕੀ ਢੁਕਵਾਂ ਹੈ। ਪਰ ਪਹਿਲਾਂ ਕਦਮ ਇਹ ਪਤਾ ਕਰਨਾ ਹੈ ਕਿ ਤੁਹਾਡੇ ਨੇੜੇ ਕੀ ਉਪਲਬਧ ਹੈ।

ਜ਼ਿਆਦਾ ਤੋ ਜ਼ਿਆਦਾ ਸੇਵਾਵਾਂ ਬਾਲ ਸੰਭਾਲ ਤੋਂ ਵੀ ਕੁਝ ਜ਼ਿਆਦਾ ਪ੍ਰਦਾਨ ਕਰ ਰਹੀਆਂ ਹਨ - ਇਹ ਸਾਰੇ ਭਾਈਚਾਰੇ ਦੀ ਸਹਾਇਤਾ ਕਰਦੀਆਂ ਹਨ। ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਤੁਹਾਨੂੰ ਦੱਸ ਸਕਦੀ ਹੈ ਕਿ ਕੀ ਕੁਝ ਉਪਲਬਧ ਹੈ- ਤੁਸੀਂ ਆਪਣੇ ਖੇਤਰ ਵਿੱਚ ਕੋਈ ਨਾ ਕੋਈ ਜ਼ਰੂਰ ਦੇਖੋਗੇ। ਉਹਨਾਂ ਕੋਲ ਸਾਰੀਆਂ ਵੱਖੋ-ਵੱਖਰੀਆਂ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਸੇਵਾਵਾਂ ਦੀਆਂ ਨਵੀਨਤਮ ਸੂਚੀਆਂ ਹੋਣਗੀਆਂ। ਸੂਚੀਆਂ ਵਿਚਲੇ ਪੰਜੀਕਿਰਤ ਬਾਲ ਸੰਭਾਲਕਾਂ ਅਤੇ ਸਥਾਨਾਂ ਦੀ ਆਫਿਸ ਫਾਰ ਸਟੈਂਡਰਡਜ ਇਨ ਐਜੂਕੇਸ਼ਨ (Ofsted) ਦੁਆਰਾ ਬਕਾਇਦਾ ਜਾਂਚ ਕੀਤੀ ਜਾਵੇਗੀ, ਇਸ ਕਰਕੇ ਤੁਸੀਂ ਸੁਰੱਖਿਆ ਅਤੇ ਮਿਆਰਾਂ ਬਾਰੇ ਨਿਸ਼ਚਤ ਰਹਿ ਸਕਦੇ ਹੋ (ਦੇਖੋ ਪੰਨਾ 14)। ਸੰਪਰਕ ਪਤਿਆਂ ਦੇ ਇਲਾਵਾ, ਬਾਲ ਜਾਣਕਾਰੀ ਸੇਵਾ ਤੁਹਾਨੂੰ ਲਾਭਦਾਇਕ ਜਾਣਕਾਰੀ ਦੇਵੇਗੀ ਜਿਵੇਂ ਕਿ ਖੁੱਲਣ ਦਾ ਸਮਾਂ, ਉਮਰ ਦੀਆਂ ਹੱਦਾਂ, ਪਾਰਕਿੰਗ ਸਹੂਲਤਾਂ ਅਤੇ ਖਰਚੇ।

**ਜਿਆਦਾ ਜਾਣਕਾਰੀ ਵਾਸਤੇ...**ਚਾਈਲਡਕੇਅਰਲਿੰਕ ਨੂੰ **0800 096 02 96** ਤੇ ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ ਦੇ ਟੈਲੀਫੋਨ ਨੰਬਰ ਵਾਸਤੇ ਕਾਲ ਕਰੋ ਜਾਂ ਦੇਖੋ **www.childcarelink.gov.uk**

### ਬਾਲ ਸੰਭਾਲਕ

### ਤੱਥ

- ਪੰਜੀਕਿਰਤ ਬਾਲ ਸੰਭਾਲਕ ਤੁਹਾਡੇ ਬੱਚੇ ਦੀ ਹੋਰਨਾਂ ਬੱਚਿਆਂ ਦੇ ਨਾਲ ਨਾਲ, ਅਕਸਰ ਆਪਣੇ ਹੀ ਘਰ ਵਿੱਚ ਦੇਖਭਾਲ ਕਰਦੇ ਹਨ
- ਉਹਨਾਂ ਨੂੰ ਅੱਠ ਸਾਲ ਤੋਂ ਘੱਟ ਉਮਰ ਦੇ ਛੇ ਬੱਚਿਆਂ ਦੀ ਸੰਭਾਲ ਕਰਨ ਦੀ ਆਗਿਆ ਹੈ, ਜਿਸ ਵਿੱਚ ਉਹਨਾਂ ਦੇ ਆਪਣੇ ਬੱਚੇ ਵੀ ਸ਼ਾਮਲ ਹਨ - ਪਰ ਉਹਨਾਂ ਵਿੱਚੋਂ ਕੇਵਲ ਤਿੰਨ ਹੀ ਪੰਜ ਸਾਲ ਤੋਂ ਘੱਟ ਉਮਰ ਦੇ ਹੋ ਸਕਦੇ ਹਨ।
- ਉਹ ਸਵੈ-ਰੁਜ਼ਗਾਰੀ ਹੋਣ ਕਰਕੇ ਆਪਣੇ ਕੰਮ ਕਰਨ ਦੇ ਘੰਟੇ ਖੁਦ ਨਿਰਧਾਰਤ ਕਰਦੇ ਹਨ। ਜ਼ਿਆਦਾਤਰ ਜਲਦ ਸਵੇਰੇ, ਸ਼ਾਮਾਂ ਅਤੇ ਹਫਤੇ ਦੇ ਅੰਤ ਤੇ ਵੀ ਕੰਮ ਕਰਨ ਨੂੰ ਤਿਆਰ ਹੁੰਦੇ ਹਨ ਅਤੇ ਅੰਸ਼ਕ ਸਮੇਂ ਵਾਸਤੇ ਵੀ - ਪੱਕਾ, ਜਿਵੇਂ ਕਿ, ਸਕੂਲ ਛੱਡਣ / ਲਿਆਉਣ ਵਾਸਤੇ, ਅਤੇ ਛੁੱਟੀਆਂ ਵਾਸਤੇ।
- ਸਾਰੇ ਬਾਲ ਸੰਭਾਲਕਾਂ ਨੂੰ ਇੱਕ ਮੁੱਢਲਾ ਸਿਖਲਾਈ ਕੋਰਸ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ, ਜਿਸ ਵਿੱਚ ਮੁੱਢਲੀ ਸਹਾਇਤਾ ਵੀ ਸ਼ਾਮਲ ਹੁੰਦੀ ਹੈ, ਅਤੇ ਜ਼ਿਆਦਾਤਰ ਅਗਲੇਰੀ ਸਿਖਲਾਈ ਅਤੇ ਪੇਸ਼ੇਵਰ ਵਿਕਾਸ ਵੱਲ ਵਧ ਜਾਂਦੇ ਹਨ।

### ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਯਕੀਨ ਕਿਵੇਂ ਹੋ ਸਕਦਾ ਹੈ?

ਬਾਲ ਸੰਭਾਲਕ ਲਾਜ਼ਮੀ ਤੌਰ ਤੇ ਆਫਿਸ ਫਾਰ ਸਟੈਂਡਰਡਜ ਇਨ ਐਜੂਕੇਸ਼ਨ (Ofsted, ਦੇਖੋ ਪੰਨਾ 50) ਦੁਆਰਾ ਪੰਜੀਕਿਰਤ ਕੀਤੇ ਅਤੇ ਪੜਤਾਲ ਕੀਤੇ ਹੋਣੇ ਚਾਹੀਦੇ ਹਨ ਜਿਹੜਾ ਕਿ ਘਰ ਅਤੇ ਬਾਲ ਸੰਭਾਲਕ ਦੀ ਬਕਾਇਦਾ ਪੜਤਾਲ ਕਰਦਾ ਹੈ। ਇਸ ਤੋ ਬਿਨਾਂ, ਬਾਲ ਸੰਭਾਲਕ ਦੇ ਘਰ ਵਿੱਚ ਰਹਿਣ ਅਤੇ ਕੰਮ ਕਰਨ ਵਾਲੇ ਸਾਰੇ (16+) ਬਾਲਗਾਂ ਦੀ ਪੁਲਸ ਅਤੇ ਸਿਹਤ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾਵੇਗੀ। ਸਾਰਿਆਂ ਕੋਲ ਬਾਲ ਸੰਭਾਲ ਯੋਗਤਾਵਾਂ ਨਹੀਂ ਹੁੰਦੀਆਂ। ਇੱਕ ਵਾਰ ਜਦੋਂ ਤੁਸੀਂ ਕਿਸੇ ਬਾਲ ਸੰਭਾਲਕ ਨੂੰ ਮਿਲ ਲੈਂਦੇ ਹੋ ਅਤੇ ਉਸਦੀ ਇੰਟਰਵਿਊ ਲੈ ਲੈਂਦੇ ਹੋ, ਤੁਹਾਨੂੰ ਇਹ ਮਹਿਸੂਸ ਹੋ ਜਾਵੇਗਾ ਕਿ ਕੀ ਉਹ ਤੁਹਾਡੇ ਬੱਚਿਆਂ ਵਾਸਤੇ ਯੋਗ ਹਨ। (ਕੀ ਦੇਖਿਆ ਜਾਵੇ, ਬਾਰੇ ਜਾਨਣ ਲਈ ਪੰਨਾ 42 ਦੇਖੋ)।

### ਇਹ ਮੈਨੂੰ ਕਿੰਨ੍ਹਾ ਕੁ ਮਹਿੰਗਾ ਪਵੇਗਾ?

ਤੁਹਾਨੂੰ ਆਪਣੇ ਬਾਲ ਸੰਭਾਲਕ ਦੇ ਨਾਲ ਘੰਟੇ, ਸਮਾਂ-ਮਿਆਦਾਂ ਅਤੇ ਸ਼ਰਤਾਂ ਬਾਰੇ ਗੱਲਬਾਤ ਕਰਨ ਦੀ ਲੋੜ ਹੋਵੇਗੀ (ਦੇਖੋ ਪੰਨਾ 3)। ਇੱਕ ਖੇਤਰ ਤੋਂ ਦੂਜੇ ਖੇਤਰ ਤੱਕ ਰੇਟ ਬਦਲਦੇ ਰਹਿੰਦੇ ਹਨ ਅਤੇ ਔਸਤਨ ਤੁਹਾਨੂੰ ਇੱਕ ਘੰਟੇ ਲਈ 2.50 ਪੌਂਡ (ਲੰਡਨ ਵਿੱਚ 3 ਪੌਂਡ) ਪ੍ਰਤੀ ਬੱਚਾ ਖਰਚਾ ਆ ਸਕਦਾ ਹੈ। ਤੁਲਨਾਤਮਕ ਖਰਚਿਆਂ ਵਾਸਤੇ ਪੰਨਾ 60 ਦੇਖੋ।

### ਕੀ ਇਹ ਮੇਰੇ ਲਈ ਹੈ?

- ਮੈਨੂੰ ਲਚਕਦਾਰ ਸੰਭਾਲ ਦੀ ਲੋੜ ਹੈ ਕਿਉਂਕਿ ਮੈਂ ਅਨਿਯਮਿਤ ਸਮੇਂ ਵਿੱਚ ਕੰਮ ਕਰਦਾ ਹਾਂ ਜਿਹੜਾ ਕਿ ਸਾਧਾਰਨ ਸਵੇਰੇ 8 ਵਜੇ - ਸ਼ਾਮ 6 ਵਜੇ ਦੇ ਨਰਸਰੀ ਦਿਨ ਨਾਲ ਮੇਲ ਨਹੀਂ ਖਾਂਦਾ
- ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਦੀ ਸੰਭਾਲ ਕਿਸੇ ਪਰਿਵਾਰਕ ਘਰ ਵਿੱਚ ਹੋਵੇ

• ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਦਾ ਇੱਕੋ ਸੰਭਾਲਕ ਹੋਵੇ।

• ਮੇਰੇ ਅਲੱਗ ਅਲੱਗ ਉਮਰ ਦੇ ਬੱਚੇ ਹਨ ਅਤੇ ਇਹ ਮਹੱਤਵਪੂਰਨ ਹੈ ਕਿ ਉਹਨਾਂ ਦੀ ਇਕੱਠਿਆਂ ਸੰਭਾਲ ਕੀਤੀ ਜਾਵੇ।

• ਜੋ ਕੁਝ ਮੈਂ ਚਾਹੁੰਦਾ ਹੋਵਾਂ, ਉਹ ਕਹਿਣ ਵਿੱਚ ਮੈਂ ਬਹੁਤ ਵਧੀਆ ਹਾਂ।

• ਇਸ ਸਮੇਂ ਬੱਚਿਆਂ ਦੇ ਵੱਡੇ ਗਰੁੱਪਾਂ ਵਿੱਚ ਰਲਗੱਡ ਹੋਣਾ ਸਭ ਤੋਂ ਵੱਡੀ ਤਰਜੀਹ ਨਹੀਂ ਹੈ।

## ਤੁਹਾਡੇ ਬਾਲ ਸੰਭਾਲਕ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

ਤੁਸੀਂ ਕਿੰਨੇ ਸਮੇਂ ਤੋਂ ਬੱਚਿਆਂ ਦੀ ਸੰਭਾਲ ਕਰ ਰਹੇ ਹੋ?

ਤੁਸੀਂ ਕੀ ਵਾਧੂ ਸਿਖ਼ਲਾਈ ਕੀਤੀ ਹੋਈ ਹੈ?

ਤੁਸੀਂ ਇਸ ਕੰਮ ਨੂੰ ਕਿਉਂ ਪਸੰਦ ਕਰਦੇ ਹੋ?

ਤੁਸੀਂ ਇਸਨੂੰ ਕਿੰਨੇ ਸਮੇਂ ਤੱਕ ਜਾਰੀ ਰੱਖਣ ਦਾ ਇਰਾਦਾ ਰੱਖਦੇ ਹੋ?

ਮੇਰੇ ਬੱਚੇ ਨਾਲ ਹੋਰ ਦੂਸਰੇ ਕਿਹੜੇ ਬੱਚੇ ਹੋਣਗੇ, ਅਤੇ ਉਹਨਾਂ ਦੀ ਉਮਰ ਕਿੰਨੀ ਹੈ?

ਕੀ ਮੈਂ ਹੋਰਨਾਂ ਮਾਪਿਆਂ ਦੇ ਫ਼ੋਨ ਨੰਬਰ ਲੈ ਸਕਦਾ ਹਾਂ ਜਿੰਨ੍ਹਾਂ ਵਾਸਤੇ ਤੁਸੀਂ ਕੰਮ ਕਰਦੇ ਹੋ ਤਾਂਕਿ ਮੈਂ ਹਵਾਲਿਆਂ ਦਾ ਅਨੁਸਰਣ ਕਰ ਸਕਾਂ?

ਕੀ ਤੁਸੀਂ ਕਿਸੇ ਗੁਣਵਤਾ ਯਕੀਨੀ ਬਣਾਉਣ ਵਾਲੀਆਂ ਸਕੀਮਾਂ ਵਿੱਚੋਂ ਗੁਜ਼ਰੇ ਹੋ?

ਕੀ ਤੁਸੀਂ ਕਿਸੇ ਬਾਲ ਸੰਭਾਲਣ ਨੈਟਵਰਕ ਨਾਲ ਸਬੰਧ ਰੱਖਦੇ ਹੋ?

ਕੀ ਤੁਸੀਂ ਬਿਮਾਰੀ ਦੇ ਦਿਨਾਂ ਦੌਰਾਨ ਵੀ ਪੈਸੇ ਲੈਂਦੇ ਹੋ?

ਇਹ ਦੇਖਣ ਲਈ ਪੁੱਛੋ ਕਿ ਕੀ ਘਰ ਦੇ ਸਾਰੇ ਕਮਰੇ ਸਾਫ਼ ਅਤੇ ਸੁਥਰੇ ਹਨ?

ਤੁਹਾਡਾ ਬੱਚਾ ਕਿੱਥੇ ਸੌਂਵੇਗਾ? ਇਹ ਯਕੀਨੀ ਬਣਾਓ ਕਿ ਇਹ ਸ਼ਾਂਤ ਹੋਵੇ।

ਤੁਸੀਂ ਸਾਰਾ ਦਿਨ ਕਿਵੇਂ ਬਿਤਾਉਂਦੇ ਹੋ ਅਤੇ ਹੋਰਨਾਂ ਬੱਚਿਆਂ ਦੀ ਸਮਾਂ-ਸਾਰਣੀ ਮੇਰੇ ਬੱਚੇ ਨਾਲ ਕਿਵੇਂ ਫਿੱਟ ਬੈਠੇਗੀ? ਕੁਝ ਸਾਧਾਰਨ ਚੀਜਾਂ ਬਾਰੇ ਜਾਣੋ, ਜਿਵੇਂ ਕਿ ਉਹ ਸਾਮਾਨ ਖਰੀਦਣ / ਬੈਂਕ ਜਾਣ / ਛੋਟੇ ਮੋਟੇ ਕੰਮ, ਕਦੋਂ ਕਰਦਾ / ਕਰਦੀ ਹੈ।

ਕੀ ਤੁਸੀਂ ਦੈਨਿਕ ਯਾਤਰਾਵਾਂ ਤੇ ਬਾਹਰ ਜਾਂਦੇ ਹੋ? ਕਿੱਥੇ ਜਾਂਦੇ ਹੋ?

ਕੀ ਤੁਹਾਡੀ ਕਾਰ ਵਿੱਚ ਚੰਗੀ ਤਰਾਂ ਫਿੱਟ ਕੀਤੀਆਂ ਸੀਟਾਂ ਹਨ?

ਤੁਸੀਂ ਬੱਚਿਆਂ ਨੂੰ ਕਿਸ ਕਿਸਮ ਦੇ ਭੋਜਨ ਅਤੇ ਪੀਣ ਵਾਲੇ ਪਦਾਰਥ ਦਿੰਦੇ ਹੋ?

ਕੀ ਤੁਸੀਂ ਕਿਸੇ ਬੱਚੇ ਦੀ ਉੱਨਤੀ ਬਾਰੇ ਕੋਈ ਫਾਈਲ ਬਣਾਉਂਦੇ ਹੋ?

ਕੀ ਤੁਸੀਂ ਇਹ ਦੇਖਣ ਲਈ ਕਿ ਇਹ ਕਿਵੇਂ ਚਲਦਾ ਹੈ, ਪਰਖ ਲਈ (ਜਿਵੇਂ ਕਿ ਦੋ ਕੁ ਦਿਨਾਂ ਵਾਸਤੇ) ਸਹਿਮਤ ਹੋਵੋਂਗੇ? ਜ਼ਿਆਦਾਤਰ ਬਾਲ ਸੰਭਾਲਕ ਇਸ ਨਾਲ ਸਹਿਮਤ ਹੋ ਜਾਣਗੇ।

## ਇਹ ਵੀ ਯਾਦ ਰੱਖੋ...

ਬਾਲ ਸੰਭਾਲਕ ਦੇ ਨਵੀਨਤਮ ਪੰਜੀਕਰਨ (ਰਜਿਸਟ੍ਰੇਸ਼ਨ) ਜਨਤਕ ਜੁੰਮੇਵਾਰੀ ਅਤੇ ਮੁੱਢਲੀ ਸਹਾਇਤਾ ਸਰਟੀਫਿਕੇਟਾਂ ਬਾਰੇ ਪੁੱਛੋ।

ਇਹ ਜਾਂਚ ਕਰੋ ਕਿ ਸਾਰੇ ਕਮਰਿਆਂ ਅਤੇ ਬਾਗ ਦਾ ਬੀਮਾ ਹੋਵੇ, ਨਹੀਂ ਤਾਂ ਤੁਹਾਡੇ ਬੱਚੇ ਨੂੰ ਇਹਨਾਂ ਖੇਤਰਾਂ ਤੋਂ ਵੰਚਿਤ ਕਰ ਦਿੱਤਾ ਜਾਵੇਗਾ।

ਕੌਣ ਕੌਣ ਆਉਂਦਾ ਜਾਂਦਾ ਹੈ?

ਪੁੱਛੋ ਕਿ ਹੋਰ ਕਿੰਨੇ ਬਾਲਗ ਘਰ ਵਿੱਚ ਹੋਣਗੇ?

ਖਾਣਾ ਖੁਆਉਣ, ਸਿੱਖਿਆ, ਟੀਵੀ ਦੇਖਣ ਅਤੇ ਅਨੁਸ਼ਾਸ਼ਨ ਨੀਤੀਆਂ ਨਾਲ ਸਹਿਮਤੀ ਕਰੋ।

ਕਿਸੇ ਵੀ ਇਕਰਾਰਨਾਮੇ ਵਿੱਚ ਘੰਟੇ, ਤਨਖਾਹ, ਬਿਮਾਰੀ ਅਤੇ ਛੁੱਟੀ ਵਾਲੇ ਦਿਨ ਦੀ ਤਨਖਾਹ ਵੀ ਲਿਖੀ ਜਾਣੀ ਚਾਹੀਦੀ ਹੈ (ਦੇਖੋ ਪੰਨਾ 11)।

***ਜੇ ਉਹ ਕਿਸੇ ਬਾਲ ਸੰਭਾਲਣ ਨੈਟਵਰਕ ਦਾ ਹਿੱਸਾ ਹੈ ਤਾਂ ਤੁਹਾਡਾ ਬਾਲ ਸੰਭਾਲਕ ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ ਪ੍ਰਦਾਨ ਕਰ ਸਕਦਾ ਹੈ।***

ਜ਼ਿਆਦਾ ਜਾਣਕਾਰੀ ਵਾਸਤੇ...ਆਪਣੀ ਬਾਲ ਜਾਣਕਾਰੀ ਸੇਵਾ ਵਾਸਤੇ ਚਾਈਲਡਕੇਅਰਲਿੰਕ ਨੂੰ **0800 096 02 96** ਤੇ ਕਾਲ ਕਰੋ ਜਾਂ **www.childcarelink.gov.uk** ਦੇਖੋ ਜਿਸ ਕੋਲ ਕਿ ਤੁਹਾਡੇ ਖੇਤਰ ਦੇ ਬਾਲ ਸੰਭਾਲਕਾਂ ਦੀ ਸੂਚੀ ਹੋਵੇਗੀ ਜਾਂ ਫਿਰ ਨੈਸ਼ਨਲ ਚਾਈਲਡਮਾਈਂਡਿੰਗ ਐਸੋਸ਼ੀਏਸ਼ਨ ਨੂੰ **0800 169 4486** ਤੇ ਕਾਲ ਕਰੋ ਜਾਂ ਬਾਲ ਸੰਭਾਲਣ ਨੈਟਵਰਕਾਂ ਬਾਰੇ ਜਿਆਦਾ ਜਾਣਕਾਰੀ ਵਾਸਤੇ ਦੇਖੋ - **www.ncma.org.uk**

## ਨੈਨੀਆਂ ਅਤੇ ਘਰੇਲੂ ਤੌਰ ਤੇ ਸਥਾਪਤ ਹੋਰ ਸੰਭਾਲਕ

### ਤੱਥ

• ਨੈਨੀਆਂ ਅਤੇ ਹੋਰ ਘਰੇਲੂ ਤੌਰ ਤੇ ਸਥਾਪਤ ਬਾਲ ਸੰਭਾਲਕ ਤੁਹਾਡੇ ਵੱਲੋਂ ਬੱਚਿਆਂ ਨੂੰ ਸੰਭਾਲ ਪ੍ਰਦਾਨ ਕਰਨ ਲਈ, ਅਕਸਰ ਆਪਣੇ ਹੀ ਘਰ ਵਿੱਚ ਕੰਮ ਤੇ ਰੱਖੇ ਜਾਂਦੇ ਹਨ।

• ਉਹ ਅਨਿਯਮਤ ਕੰਮ ਦੇ ਘੰਟਿਆਂ ਦੇ ਫਿੱਟ ਬੈਠਣਗੇ, ਅਤੇ ਅੰਸ਼ਕ-ਸਮੇਂ ਵਾਸਤੇ ਕੰਮ ਕਰਨਗੇ ਜਾਂ ਤੁਹਾਡੇ ਨਾਲ ਵੀ ਰਹਿਣਗੇ। ਕੁਝ ਘਰ ਵਿੱਚ ਵਾਧੂ ਕੰਮ ਕਰਨ ਵਾਸਤੇ ਵੀ ਸਹਿਮਤ ਹੋ ਸਕਦੇ ਹਨ (ਖਾਣਾ ਬਣਾਉਣਾ, ਸਾਫ-ਸਫਾਈ ਕਰਨਾ ਆਦਿ)।

• ਸਾਂਝੀਆਂ ਨੈਨੀਆਂ ਤੁਹਾਡੇ ਅਤੇ ਕਿਸੇ ਹੋਰ ਪਰਿਵਾਰ ਵਾਸਤੇ ਕੰਮ ਕਰਦੀਆਂ ਹਨ।

• ਜ਼ਿਆਦਾਤਰ ਨੈਨੀਆਂ ਅਤੇ ਕੁਝ ਹੋਰ ਘਰੇਲੂ ਬਾਲ ਸੰਭਾਲਕਾਂ ਕੋਲ ਮਾਨਤਾ ਪ੍ਰਾਪਤ ਬਾਲ ਸੰਭਾਲ ਯੋਗਤਾ ਹੁੰਦੀ ਹੈ ਜਾਂ ਨਰਸਰੀ ਨਰਸ ਟਰੇਨਿੰਗ ਹੁੰਦੀ ਹੈ, ਪਰ ਇਹ ਜ਼ਰੂਰੀ ਨਹੀਂ ਹੈ।

• ਹਜ਼ਾਰਾਂ ਮਾਪੇ ਹੁਣ ਬਾਲ ਸੰਭਾਲਕਾਂ ਨੂੰ ਤਨਖਾਹ ਦੇਣ ਵਿੱਚ ਮਦਦ ਕਰਨ ਵਾਸਤੇ ਵਿੱਤੀ ਸਹਾਇਤਾ ਦੇ ਹੱਕਦਾਰ ਹਨ ਜੇ ਉਹ (ਬਾਲ ਸੰਭਾਲਕ) ਚਾਈਲਡਕੇਅਰ ਅਪਰੂਵਲ ਸਕੀਮ ਦੁਆਰਾ ਮਾਨਤਾ ਪ੍ਰਾਪਤ ਹੋਣ - ਦੇਖੋ ਪੰਨਾ 14.

### ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਯਕੀਨ ਕਿਵੇਂ ਹੋ ਸਕਦਾ ਹੈ?

ਕੁਝ ਨੈਨੀਆਂ ਅਤੇ ਘਰੇਲੂ ਬਾਲ ਸੰਭਾਲਕਾਂ ਦੀ ਆਫਸਟੈਂਡ (Ofsted) ਦੁਆਰਾ ਜਾਂਚ ਨਹੀਂ ਕੀਤੀ ਜਾਂਦੀ। ਪਰ ਫਿਰ ਵੀ, ਯਕੀਨ ਦਿਵਾਉਣ ਵਾਲੀ ਖਬਰ ਇਹ ਹੈ ਕਿ ਨੈਨੀਆਂ ਅਤੇ ਹੋਰ ਘਰੇਲੂ ਬਾਲ ਸੰਭਾਲਕ ਨਵੀਂ ਚਾਈਲਡਕੇਅਰ ਅਪਰੂਵਲ ਸਕੀਮ ਵਾਸਤੇ ਅਰਜ਼ੀ ਦੇ ਸਕਦੇ ਹਨ (ਵਿਸਥਾਰ ਵਾਸਤੇ ਦੇਖੋ ਪੰਨਾ 14) ਅਤੇ ਉਹਨਾਂ ਨੂੰ ਮਾਨਤਾ ਪ੍ਰਾਪਤ ਕਰਨ ਤੋਂ ਪਹਿਲਾਂ ਮੁੱਢਲੀ ਕਸੌਟੀ ਤੇ ਖਰਾ ਉੱਤਰਨਾ ਪਵੇਗਾ।

### ਇਹ ਮੈਨੂੰ ਕਿੰਨ੍ਹਾ ਕੁ ਮਹਿੰਗਾ ਪਵੇਗਾ?

ਘੰਟਿਆਂ, ਉਹਨਾਂ ਦੇ ਤਜ਼ਰਬੇ, ਤੁਸੀਂ ਕਿੱਥੇ ਰਹਿੰਦੇ ਹੋ ਅਤੇ ਕੀ ਉਹ ਤੁਹਾਡੇ ਨਾਲ ਹੀ ਰਹਿੰਦੇ ਹਨ, ਤੇ ਆਧਾਰਿਤ ਮਿਹਨਤਾਨੇ 127 ਪੌਂਡ ਤੋਂ ਲੈਕੇ 400 ਪੌਂਡ ਪ੍ਰਤੀ ਹਫਤਾ ਤੱਕ ਹੁੰਦੇ ਹਨ। ਤੁਹਾਨੂੰ ਉਹਨਾਂ ਦਾ ਟੈਕਸ ਅਤੇ ਕੌਮੀ ਬੀਮਾ ਚੰਦੇ ਵੀ ਦੇਣੇ ਪੈਣਗੇ। ਹੋਰਨਾਂ ਖਰਚਿਆਂ ਵਿੱਚ ਸ਼ਾਮਲ ਹੈ ਛੁੱਟੀ ਅਤੇ ਬਿਮਾਰੀ ਦੀ ਤਨਖਾਹ, ਸੰਕਟਕਾਲ ਵਾਸਤੇ ਮੋਬਾਈਲ ਫ਼ੋਨ ਅਤੇ ਉਹਨਾਂ ਨੂੰ ਆਪਣੀ ਕਾਰ ਦੇ ਬੀਮੇ ਵਿੱਚ ਸ਼ਾਮਲ਼ ਕਰਨਾ ਜੇ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੀ ਪਰਿਵਾਰਕ ਕਾਰ ਨੂੰ ਚਲਾਉਣ।

### ਕੀ ਇਹ ਮੇਰੇ ਵਾਸਤੇ ਹੈ?

• ਮੈਨੂੰ ਕਿਸੇ ਅਜਿਹੇ ਦੀ ਜ਼ਰੂਰਤ ਹੈ ਜੋ ਮੇਰੇ ਰੁਟੀਨ ਅਤੇ ਜੀਵਨ-ਜਾਚ ਅਨੁਸਾਰ ਫਿੱਟ ਬੈਠੇ।

• ਮੇਰੇ ਬੱਚੇ ਦੀ ਸੰਭਾਲ ਕਿਵੇਂ ਕੀਤੀ ਜਾਂਦੀ ਹੈ- ਉਹ ਕੀ ਕਰਦੇ ਹਨ, ਉਹ ਕਦੋਂ ਸੌਂਦੇ ਹਨ ਆਦਿ ਵਿੱਚ ਮੈਂ ਆਪਣਾ ਬਹੁਤ ਜਿਆਦਾ ਦਖਲ ਚਾਹੁੰਦਾ ਹਾਂ।

• ਮੈਂ ਵੱਖੋ ਵੱਖਰੇ ਉਮਰ-ਗੁੱਟ ਦੇ ਬੱਚਿਆਂ ਵਾਸਤੇ ਬਾਲ ਸੰਭਾਲ ਲੱਭਣੀ ਹੈ - ਇਸ ਤਰੀਕੇ ਨਾਲ ਉਹ ਇਕੱਠੇ ਰਹਿ ਸਕਦੇ ਹਨ ਅਤੇ ਇਹ ਘੱਟ ਕੀਮਤੀ ਹੈ

• ਮੇਰਾ ਬੱਚਾ ਆਪਣੇ ਹੀ ਘਰ ਵਿੱਚ ਖੁਸ਼ ਹੋਵੇਗਾ (ਅਤੇ ਆਪਣੇ ਹੀ ਬੈੱਡ ਤੇ, ਜੇ ਮੈਂ ਘਰ ਲੇਟ ਆਉਂਦਾ ਹਾਂ ਆਦਿ)

• ਮੈਨੂੰ ਪੂਰੇ ਸਮੇਂ ਵਾਸਤੇ ਕਿਸੇ ਦੀ ਲੋੜ ਹੈ, ਕਿਉਂਕਿ ਮੇਰਾ ਬੱਚਾ ਸਕੂਲ ਨਹੀਂ ਜਾਂਦਾ

• ਮੈਂ ਕਾਨੂੰਨੀ ਅਤੇ ਵਿੱਤੀ ਜ਼ਿੰਮੇਵਾਰੀ ਲੈਕੇ ਖੁਸ਼ ਹਾਂ

• ਮੈਂ ਸਾਡੇ ਨਾਲ ਕਿਸੇ ਹੋਰ ਦੇ ਰਹਿਣ ਦੇ ਵਿਚਾਰ ਤੋਂ ਖੁਸ਼ ਹਾਂ (ਅਤੇ ਮੇਰੇ ਕੋਲ ਜਗ੍ਹਾ ਹੈ)

### ਤੁਹਾਡੀ ਨੈਨੀ ਜਾਂ ਘਰੇਲੂ ਬਾਲ ਸੰਭਾਲਕ ਨੂੰ ਪੁੱਛੇ ਜਾਣ ਵਾਸਤੇ ਪ੍ਰਸ਼ਨ

ਤੁਹਾਡੀਆਂ ਕੀ ਯੋਗਤਾਵਾਂ ਹਨ ਜਾਂ ਤੁਸੀਂ ਕੀ ਸਿਖਲਾਈ ਲਈ ਹੈ?

ਕੀ ਤੁਸੀਂ ਚਾਈਲਡਕੇਅਰ ਅਪਰੂਵਲ ਸਕੀਮ ਦੁਆਰਾ ਮਾਨਤਾ ਪ੍ਰਾਪਤ ਹੋ?

ਤੁਹਾਡੇ ਕੋਲ ਕਿਸ ਕਿਸਮ ਦਾ ਤਜ਼ਰਬਾ ਹੈ?

ਤੁਹਾਨੂੰ ਇਹ ਕੰਮ ਕਰਕੇ ਖੁਸ਼ੀ ਕਿਉਂ ਮਹਿਸੂਸ ਹੁੰਦੀ ਹੈ?

ਤੁਹਾਨੂੰ ਸਿਰਫ ਇਹੀ ਨੌਕਰੀ ਕਿਉਂ ਚਾਹੀਦੀ ਹੈ?

ਤੁਸੀਂ ਮੇਰੇ ਬੱਚੇ ਦੇ ਦਿਨ ਦਾ ਪ੍ਰਬੰਧਨ ਕਿਵੇਂ ਕਰੋਗੇ? ਅਤੇ ਉਹਨਾਂ ਨੂੰ ਵਿਕਾਸਮਈ ਟੀਚੇ ਪ੍ਰਾਪਤ ਕਰਨ ਵਿੱਚ ਮਦਦ ਕਿਵੇਂ ਕਰੋਗੇ?

ਕੀ ਤੁਸੀਂ ਇੱਕ ਭੋਜਨ ਅਤੇ ਦੈਨਿਕ ਡਾਇਰੀ ਰੱਖੋਗੇ?

ਤੁਸੀਂ ਮੇਰੇ ਬੱਚੇ ਨੂੰ ਬਾਹਰ ਕਿੱਥੇ ਲੈ ਕੇ ਜਾਵੋਂਗੇ?

ਤੁਸੀਂ ਜਲਦੀ ਸ਼ੁਰੂ ਕਰਨ / ਲੇਟ ਖਤਮ ਕਰਨ ਬਾਰੇ ਕਿਵੇਂ ਮਹਿਸੂਸ ਕਰਦੇ ਹੋ?

ਕੀ ਤੁਸੀਂ ਸ਼ਾਮਾਂ ਨੂੰ ਬੱਚੇ ਨੂੰ ਸੰਭਾਲ ਸਕਦੇ ਹੋ?

ਤੁਹਾਡੀ ਗਲਤ ਤਰੀਕੇ ਤੋਂ ਸਹੀ ਤਰੀਕੇ ਨਾਲ ਲੈਟਰੀਨ ਕਰਨ ਦੀ ਸਿਖਲਾਈ, ਖ਼ਾਣਾ ਖੁਆਉਣ, ਪੜ੍ਹਾਉਣ ਬਾਰੇ ਕੀ ਨੀਤੀ ਹੈ?

**ਜੇ ਅੰਦਰ ਰਹਿ ਰਹੇ ਹੋਵੋਂ :**

ਤੁਸੀਂ ਆਪਣੀ ਛੁੱਟੀ ਦੇ ਦਿਨ ਕਿਵੇਂ ਬਿਤਾਓਂਗੇ? ਤੁਹਾਨੂੰ ਬੁਆਏ-ਫਰੈਂਡਾਂ ਦੇ ਨਾਲ ਰਹਿਣ, ਸਿਗਰਟ ਪੀਣ ਅਤੇ ਟੈਲੀਫੋਨ ਦੀ ਵਰਤੋਂ ਜਿਹੇ ਮਾਮਲਿਆਂ ਬਾਰੇ ਸਪੱਸ਼ਟ ਰਹਿਣ ਦੀ ਲੋੜ ਹੈ।

**ਉ-ਪੇਅਰਜ਼ (Au Pairs)**

ਉ ਪੇਅਰਜ਼ ਬਹੁਤ ਸਾਰੇ ਯੂਰਪੀਅਨ ਦੇਸ਼ਾਂ ਦੀਆਂ ਅਕਸਰ ਇਕੱਲੀਆਂ ਜਵਾਨ ਔਰਤਾਂ (ਕਦੇ ਕਦੇ ਮਰਦ ਵੀ) ਹੁੰਦੀਆਂ ਹਨ। ਉਹ ਯੂ.ਕੇ ਵਿੱਚ ਅੰਗਰੇਜ਼ੀ ਦੀ ਪੜ੍ਹਾਈ ਕਰਨ ਆਉਂਦੇ ਹਨ, ਕਿਸੇ ਪਰਿਵਾਰ ਦੇ ਨਾਲ ਰਹਿੰਦੇ ਹਨ ਅਤੇ ਘਰ ਵਿੱਚ ਰੋਜ਼ਾਨਾ ਵੱਧ ਤੋਂ ਵੱਧ 5 ਘੰਟੇ ਮਦਦ ਕਰਦੇ ਹਨ। ਬਦਲੇ ਵਿੱਚ ਉਹਨਾਂ ਨੂੰ ਲਾਜ਼ਮੀ ਤੌਰ ਤੇ ਹਫਤੇ ਵਿੱਚ ਦੋ ਦਿਨ ਦੀ ਛੁੱਟੀ, ਇੱਕ ਹਫਤਾਵਰੀ ਭੱਤਾ (ਲੱਗਭਗ 50 ਪੌਂਡ), ਖਾਣਾ, ਅਤੇ ਉਹਨਾਂ ਦਾ ਆਪਣਾ ਕਮਰਾ ਮੁਹੱਈਆ ਕਰਾਉਣਾ ਜ਼ਰੂਰੀ ਹੈ। ਉ ਪੇਅਰਜ਼ ਪੰਜੀਕਿਰਤ ਨਹੀਂ ਹੁੰਦੇ ਅਤੇ ਬੱਚਿਆਂ ਨਾਲ ਕੰਮ ਕਰਨ ਵਾਸਤੇ ਅਕਸਰ ਸਿਖਲਾਈ ਪ੍ਰਾਪਤ ਨਹੀਂ ਹੁੰਦੇ, ਇਸ ਕਰਕੇ ਉਹ ਅਕਸਰ ਕਿਸੇ ਛੋਟੇ ਬੱਚੇ ਦੀ ਸੰਭਾਲ ਕਰਨ ਵਾਸਤੇ ਢੁਕਵੇਂ ਨਹੀਂ ਮੰਨੇ ਜਾਂਦੇ, ਪਰ ਜਦੋਂ ਧੁੱਗਣਯੋਗ ਸਕੂਲ ਤੋਂ ਬਾਅਦ ਦੀ ਸੰਭਾਲ ਦੀ ਗੱਲ ਆਉਂਦੀ ਹੈ ਤਾਂ ਉਹ ਇੱਕ ਚੰਗਾ ਚੌਣਕਤਾ ਹੋ ਸਕਦੇ ਹਨ।

**ਇਹ ਵੀ ਯਾਦ ਰੱਖੋ...**

ਉਹਨਾਂ ਦਾ ਮੁੱਢਲੀ ਸਹਾਇਤਾ ਸਰਟੀਫਿਕੇਟ (ਕੀ ਇਹ ਨਵੀਨਤਮ ਹੈ?) ਅਤੇ ਚਾਈਲਡਕੇਅਰਲਿੰਕ ਅਪਰੂਵਲ ਸਕੀਮ ਪੱਤਰ ਦੇਖਣ ਲਈ ਪੁੱਛੋ।

ਹਰ ਕੁਝ ਲਿਖਤੀ ਰੂਪ ਵਿੱਚ ਕਰੋ (ਘੰਟੇ, ਕੰਮ ਦਾ ਵਰਨਣ, ਰੁਜ਼ਗਾਰ ਦੀ ਮਿਆਦ, ਬਿਮਾਰੀ / ਛੁੱਟੀ ਦੀ ਤਨਖਾਹ ਆਦਿ। ਦੇਖੋ ਪੰਨਾ 11)।

ਕਿਸੇ ਹਾਦਸੇ ਦੀ ਸੂਰਤ ਵਿੱਚ ਤੁਹਾਨੂੰ ਲਾਜ਼ਮੀ ਤੌਰ ਤੇ ਮਾਲਕ ਦਾ ਹਾਨੀਪੂਰਤੀ ਬੀਮਾ ਵੱਖ ਕਰ ਲੈਣਾ ਚਾਹੀਦਾ ਹੈ।

ਕਿਸੇ ਨੈਨੀ ਨੂੰ ਚੁਣਦੇ ਸਮੇਂ, ਹਮੇਸ਼ਾ ਕਿਸੇ ਚੰਗੀ ਸ਼ਾਖ ਵਾਲੀ ਏਜੰਸੀ ਦੀ ਵਰਤੋਂ ਕਰੋ ਅਤੇ ਹਵਾਲਿਆਂ ਦੀ ਜਾਂਚ ਕਰੋ। ਘੱਟੋ ਘੱਟ ਅਖੀਰਲੇ ਦੋ ਮਾਲਕਾਂ ਨਾਲ ਜ਼ਰੂਰ ਗੱਲ ਕਰੋ।

ਜੇ ਤੁਹਾਡੀ ਨੈਨੀ ਤੁਹਾਡੇ ਘਰ ਵਿੱਚ ਰਹਿੰਦੀ ਹੈ, ਤਾਂ ਤੁਹਾਥੋਂ ਤਨਖਾਹ ਤੋਂ ਇਲਾਵਾ ਉਹਨਾਂ ਨੂੰ ਇੱਕ ਕਮਰਾ ਅਤੇ ਭੋਜਨ ਪ੍ਰਦਾਨ ਕਰਨ ਦੀ ਉਮੀਦ ਵੀ ਕੀਤੀ ਜਾਵੇਗੀ।

**ਹੋਰ ਜਿਆਦਾ ਜਾਣੋ...**

ਚਾਈਲਡਕੇਅਰ ਅਪਰੂਵਲ ਸਕੀਮ ਦੇ ਵਿਸਥਾਰ ਜਾਨਣ ਲਈ ਪੰਨਾ 14 ਦੇਖੋ ਜਾਂ ਦੇਖੋ [www.childcareapprovalscheme.co.uk](http://www.childcareapprovalscheme.co.uk)

ਕੰਮਕਾਜ਼ੀ ਪਰਿਵਾਰਾਂ ਵਾਸਤੇ ਹੈਲਪਲਾਈਨ ਨੂੰ **0800 013 0313** ਤੇ ਕਾਲ ਕਰੋ ਜਾਂ ਦੇਖੋ [www.workingfamilies.org.uk](http://www.workingfamilies.org.uk)

ਕਿਸੇ ਨੈਨੀ ਸ਼ੇਅਰ ਰਜਿਸਟਰ ਨਾਲ ਸਥਾਨਕ ਬਰਾਂਚਾਂ ਵਾਸਤੇ ਨੈਸ਼ਨਲ ਚਾਈਲਡਬਰਥ ਟਰੱਸਟ ਨੂੰ **0870 444 8707** ਤੇ ਕਾਲ ਕਰੋ

ਪ੍ਰੋਫੈਸ਼ਨਲ ਐਸੋਸੀਏਸ਼ਨ ਆਫ ਨਰਸਰੀ ਨਰਸਜ (PANN) ਨੂੰ ਨੈਨੀ ਪੈਕ (Nanny Pack) ਵਾਸਤੇ **01322 372 337** ਤੇ ਕਾਲ ਕਰੋ

'ਇੱਕ ਨੈਨੀ ਚਾਹੀਦੀ ਹੈ' ਗਾਈਡ ਪੜ੍ਹੋ : [www.surestart.gov.uk/ensuringquality/needananny](http://www.surestart.gov.uk/ensuringquality/needananny)

## ਦੈਨਿਕ ਨਰਸਰੀਆਂ

### ਤੱਥ

• ਇੱਕ ਦੈਨਿਕ ਨਰਸਰੀ ਛੇ ਹਫ਼ਤਿਆਂ ਤੋਂ ਲੈਕੇ ਪੰਜ ਸਾਲਾਂ ਤੱਕ ਦੇ ਬੱਚਿਆਂ ਵਾਸਤੇ ਸੰਭਾਲ ਅਤੇ ਸਿੱਖਿਆ ਪ੍ਰਦਾਨ ਕਰਦੀ ਹੈ। (ਬਹੁਤ ਸਾਰੀਆਂ ਨਰਸਰੀਆਂ ਪੰਜ ਤੋਂ ਗਿਆਰਾਂ ਸਾਲਾਂ ਬੱਚਿਆਂ ਨੂੰ ਸਕੂਲ ਤੋਂ ਬਾਹਰੀ ਸੰਭਾਲ ਦੀ ਪੇਸ਼ਕਸ਼ ਵੀ ਕਰਦੀਆਂ ਹਨ)

• ਦੈਨਿਕ ਨਰਸਰੀਆਂ ਸੰਮਤੀ, ਭਾਈਚਾਰੇ ਵੱਲੋਂ ਚਲਾਈਆਂ ਜਾ ਸਕਦੀਆਂ ਹਨ, ਕੰਮ ਵਾਲੀ ਜਗ੍ਹਾ ਤੇ ਆਧਾਰਿਤ ਹੋ ਸਕਦੀਆਂ ਹਨ ਜਾਂ ਨਿੱਜੀ ਤੌਰ ਤੇ ਚਲਾਈਆਂ ਜਾ ਰਹੀਆਂ ਹੋ ਸਕਦੀਆਂ ਹਨ।

• ਖੁੱਲਣ ਦੇ ਸਮੇਂ ਹਫਤੇ ਦੇ ਦਿਨਾਂ ਦੌਰਾਨ ਮਿਆਰੀ ਕੰਮ ਕਾਜ਼ੀ ਦਿਨ - 8 ਵਜੇ ਸਵੇਰ ਤੋਂ ਲੈਕੇ ਸ਼ਾਮ 7 ਵਜੇ ਤੱਕ, ਸਾਲ ਵਿੱਚ 50 ਹਫਤੇ ਨਾਲ਼ ਮੇਲ ਖਾਂਦੇ ਹਨ। ਤੁਸੀਂ ਆਪਣੇ ਬੱਚੇ ਨੂੰ ਪੂਰੇ ਸਮੇਂ ਵਾਸਤੇ ਜਾਂ ਅੰਸ਼ਕ ਸਮੇਂ ਵਾਸਤੇ ਭੇਜ ਸਕਦੇ ਹੋ।

• ਤੁਹਾਡਾ ਬੱਚਾ ਸਿੱਖਿਆ ਅਤੇ ਵਿਕਾਸਮਈ ਕਿਰਿਆਵਾਂ ਦਾ ਤਜ਼ਰਬਾ ਲਵੇਗਾ ਜਿਹੜੀਆਂ ਉਸਦੀ ਉਮਰ ਹੱਦ ਅਨੁਸਾਰ ਢੁਕਵੀਆਂ ਹੋਣਗੀਆਂ ਅਤੇ ਜਿਹੜੀਆਂ ਕਿ ਬਰਥ ਟੂ ਥਰੀ ਮੈਟਰਜ ਫਰੇਮਵਰਕ (Birth to Three Framework) ਅਤੇ ਫਾਊਂਡੇਸ਼ਨ ਸਟੇਜ (Foundation Stage) ਤੇ ਆਧਾਰਤ ਹੋਣਗੀਆਂ। (ਦੇਖੋ ਪੰਨਾ 12 'ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ')

### ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਕਿਵੇਂ ਯਕੀਨ ਹੋ ਸਕਦਾ ਹੈ?

ਇਹ ਯਕੀਨੀ ਬਣਾਉਣ ਵਾਸਤੇ ਕਿ ਉਹਨਾਂ ਦੀ ਆਫਸਟੈੱਡ ਵੱਲੋਂ ਬਕਾਇਦਾ ਜਾਂਚ ਕੀਤੀ ਜਾਂਦੀ ਹੈ (ਦੇਖੋ ਪੰਨਾ 14) ਹਮੇਸ਼ਾ ਕਿਸੇ ਪੰਜੀਕਿਰਤ ਦੈਨਿਕ ਨਰਸਰੀ ਦੀ ਵਰਤੋਂ ਹੀ ਕਰੋ ਪਰ ਇਹ ਵੀ ਜਾਂਚ ਕਰਨੀ ਹੈ ਕਿ ਮੁਫ਼ਤ ਅੰਸ਼ਕ ਸਮੇਂ ਦੀ ਸ਼ੁਰੂਆਤੀ ਸਿੱਖਿਆ ਸੰਤੋਸ਼ਜਨਕ ਹੋਵੇ। ਬੱਚਿਆਂ ਦੇ ਉਮਰ ਦੇ ਹਿਸਾਬ ਨਾਲ ਗਰੁੱਪ ਬਣਾਏ ਜਾਣਗੇ ਅਤੇ ਉਹਨਾਂ ਦੀ ਸੰਭਾਲਕਾਂ ਦੁਆਰਾ ਨਿਰਧਾਰਤ ਅਮਲਾ / ਬੱਚੇ ਅਨੁਪਾਤ ਅਨੁਸਾਰ ਦੇਖਭਾਲ ਕੀਤੀ ਜਾਵੇਗੀ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਨੂੰ ਲੋੜੀਂਦਾ ਧਿਆਨ ਦਿੱਤਾ ਜਾਂਦਾ ਹੈ (ਦੇਖੋ ਪੰਨਾ 6)। ਦੈਨਿਕ ਨਰਸਰੀ ਵਿੱਚ ਯੋਗਤਾ ਪ੍ਰਾਪਤ ਅਮਲਾ ਹੋਵੇਗਾ ਅਤੇ ਇਹ ਅਕਸਰ 25 ਤੋਂ ਲੈਕੇ 40 ਬੱਚੇ ਲਵੇਗੀ।

### ਇਹ ਮੈਨੂੰ ਕਿੰਨ੍ਹੀ ਕੁ ਮਹਿੰਗੀ ਪਵੇਗੀ?

ਔਸਤਨ 197 ਪੌਂਡ (ਲੰਡਨ ਵਿੱਚ) ਅਤੇ 148 ਪੌਂਡ (ਹੋਰ ਥਾਂਵਾਂ ਤੇ) ਪੂਰੇ ਸਮੇਂ ਵਾਸਤੇ ਇੱਕ ਹਫਤੇ ਲਈ ਦੋ ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਲਏ ਜਾਂਦੇ ਹਨ ਪਰ ਸਾਰੇ ਦੇਸ਼ ਵਿੱਚ ਰੇਟ ਵੱਖੋ ਵੱਖਰੇ ਮਿਲਣਗੇ। ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ ਤੁਹਾਨੂੰ ਨਵੀਨਤਮ ਸਥਾਨਕ ਖਰਚਿਆਂ ਬਾਰੇ ਜਾਣਕਾਰੀ ਦੇਣ ਦੇ ਯੋਗ ਹੋਵੇਗੀ।

### ਕੀ ਇਹ ਮੇਰੇ ਵਾਸਤੇ ਹੈ?

• ਮੈਂ ਆਪਣੇ ਬੱਚੇ ਨੂੰ ਅਜਿਹੀ ਥਾਂ ਛੱਡ ਕੇ ਖੁਸ਼ ਹਾਂ ਜਿੱਥੇ ਯੋਗਤਾ ਪ੍ਰਾਪਤ ਅਮਲਾ ਹੋਵੇ

• ਮੈਨੂੰ ਕਿਸੇ ਅਜਿਹੀ ਥਾਂ ਦੀ ਲੋੜ ਹੈ ਜੋ ਸੱਚਮੁੱਚ ਸਾਰਾ ਸਾਲ ਖੁੱਲ੍ਹੀ ਰਹੇ

• ਮੇਰੇ ਕੰਮ ਦੇ ਘੰਟੇ ਉਹਨਾਂ ਦੇ ਖੁੱਲ੍ਹਣ ਦੇ ਸਮੇਂ ਅਨੁਸਾਰ ਫਿੱਟ ਬੈਠਦੇ ਹਨ

• ਮੈਨੂੰ ਇਹ ਜਾਨਣ ਦੀ ਲੋੜ ਹੈ ਕਿ ਓਥੇ ਹਮੇਸ਼ਾ ਕੋਈ ਨਾ ਕੋਈ ਮੇਰੇ ਬੱਚੇ ਦੀ ਦੇਖਭਾਲ ਵਾਸਤੇ ਮੌਜੂਦ ਹੋਵੇਗਾ - ਜੇ ਇੱਕ ਸੰਭਾਲਕ ਬਿਮਾਰ ਹੋ ਜਾਂਦਾ ਹੈ ਤਾਂ ਦੂਜਾ ਉਸਦੀ ਥਾਂ ਲੈ ਸਕਦਾ ਹੈ

• ਮੇਰੇ ਕੋਲ ਸੰਕਟਕਾਲੀਨ ਸਮਿਆਂ ਨਾਲ ਨਜਿੱਠਣ ਲਈ ਬਦਲ ਹਨ - ਬਿਮਾਰ ਬੱਚੇ ਦੈਨਿਕ ਨਰਸਰੀ ਵਿੱਚ ਹਾਜ਼ਰੀ ਨਹੀਂ ਭਰ ਸਕਦੇ

• ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚਾ ਬਹੁਤ ਸਾਰੇ ਹੋਰ ਬੱਚਿਆਂ ਦੇ ਨਾਲ ਹੋਵੇ ਅਤੇ ਬਹੁਤ ਸਾਰੀਆਂ ਕਿਰਿਆਵਾਂ ਵਿੱਚ ਸ਼ਾਮਲ ਹੋਵੇ

• ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਦੀ ਵੰਨ-ਸੁਵੰਨੇ ਖਿਡੌਣਿਆਂ, ਸਾਮਾਨ ਅਤੇ ਉਤੇਜਕ ਕਿਰਿਆਵਾਂ ਤੱਕ ਪਹੁੰਚ ਹੋਵੇ

• ਮੈਂ ਸੋਚਦਾ ਹਾਂ ਕਿ ਮੇਰਾ ਬੱਚਾ ਨਵੇਂ ਤਜ਼ਰਬਿਆਂ ਵਾਸਤੇ ਤਿਆਰ ਹੈ

## ਤੁਹਾਡੇ ਦੈਨਿਕ ਨਰਸਰੀ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

ਬੱਚਿਆਂ ਅਤੇ ਸੰਭਾਲਕਾਂ ਦਾ ਅਨੁਪਾਤ ਕੀ ਹੈ? ਨਿਯਮ ਯਾਦ ਰੱਖੋ : ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ, ਇਹ ਪ੍ਰਤੀ ਸੰਭਾਲਕ ਤਿੰਨ ਬੱਚੇ ਹਨ; ਦੋ ਸਾਲਾਂ ਬੱਚਿਆਂ ਵਾਸਤੇ, ਚਾਰ ਬੱਚੇ ਪ੍ਰਤੀ ਸੰਭਾਲਕ ਹਨ ਅਤੇ ਵੱਡੇ ਬੱਚੇ, ਅੱਠ ਬੱਚੇ ਪ੍ਰਤੀ ਸੰਭਾਲਕ ਹਨ।

ਰੋਜਾਨਾ ਰੁਟੀਨ ਕੀ ਹੈ?

ਮੇਰਾ ਬੱਚਾ ਕਿੱਥੇ ਖਾਵੇਗਾ / ਖੇਡੇਗਾ / ਸੌਂਵੇਂਗਾ?

ਅਮਲੇ ਦੇ ਕਿਸੇ ਮੈਂਬਰ ਨੂੰ ਤੁਹਾਡੇ ਨਾਲ, ਇੱਕ ਕਮਰੇ ਤੋਂ ਦੂਜੇ ਕਮਰੇ ਤੱਕ ਚੱਲਣ ਲਈ ਕਹੋ

ਕੀ ਇਹ ਸਾਫ, ਹਲਕਾ ਅਤੇ ਕਾਫੀ ਵੱਡਾ ਹੈ?

ਕੀ ਬੱਚਿਆਂ ਦੀ ਚੰਗੀ ਤਰਾਂ ਨਿਗਰਾਨੀ ਕੀਤੀ ਜਾਂਦੀ ਹੈ?

ਕੀ ਉਹ ਖੁਸ਼ ਅਤੇ ਮਕਸਦ-ਭਰਪੂਰ ਦਿਖਾਈ ਦਿੰਦੇ ਹਨ?

ਕੀ ਓਥੇ ਬਹੁਤ ਕੁਝ ਹੋ ਰਿਹਾ ਹੈ?

ਕੰਧਾਂ ਉੱਤੇ ਪ੍ਰੋਜੈਕਟਾਂ ਅਤੇ ਤਸਵੀਰਾਂ ਦੇਖੋ। ਉਤਸ਼ਾਹ ਵਰਧਕ ਖਿਡੌਣਿਆਂ ਅਤੇ ਦਿਸ ਰਹੀਆਂ ਕਿਤਾਬਾਂ ਬਾਰੇ ਕੀ ਖਿਆਲ ਹੈ?

ਕੀ ਤੁਹਾਡੇ ਬੱਚੇ ਨੂੰ ਚਾਰਦੀਵਾਰੀ ਤੋਂ ਬਾਹਰ ਲਿਜਾਇਆ ਜਾਵੇਗਾ? ਉਦਾਹਰਨਾਂ ਪੁੱਛੋ ਕਿ ਕਿੱਥੇ?

ਕੀ ਪੌਸ਼ਟਿਕ ਖਾਣੇ ਮੁਹੱਈਆ ਕਰਵਾਏ ਜਾਂਦੇ ਹਨ?

ਕੀ ਤੁਸੀਂ ਇਸ ਗੱਲ ਦਾ ਰੋਜ਼ਾਨਾ ਰਿਕਾਰਡ ਰੱਖੋਗੇ ਕਿ ਉਹਨਾਂ ਨੇ ਕੀ ਕੀਤਾ ਹੈ?

ਕੀ ਤੁਸੀਂ ਸਕੂਲੋਂ ਲਿਆਉਣ ਅਤੇ ਸਕੂਲ ਤੋਂ ਬਾਹਰੀ ਸੰਭਾਲ ਦੀ ਪੇਸ਼ਕਸ਼ ਕਰਦੇ ਹੋ? ਕੁਝ ਨਰਸਰੀਆਂ ਅਜਿਹਾ ਕਰਨਗੀਆਂ।

ਜੇ ਤੁਸੀਂ ਆਪਣੇ ਬੱਚੇ ਨੂੰ ਲੈਣ ਲੇਟ ਜਾਂਦੇ ਹੋ ਤਾਂ ਕੀ ਕੋਈ ਜੁਰਮਾਨੇ ਲੱਗਦੇ ਹਨ?

## ਇਹ ਵੀ ਯਾਦ ਰੱਖੋ...

ਇਸ ਪੱਖੋ ਨਿਸ਼ਚਤ ਹੋ ਜਾਓ ਕਿ ਦੈਨਿਕ ਨਰਸਰੀ ਕੋਲ ਤੁਹਾਡੇ ਬੱਚੇ ਦੇ ਉਮਰ ਗਰੁੱਪ ਵਾਸਤੇ ਸਥਾਨ ਹੋਣ। ਉਦਾਹਰਨ ਲਈ, ਕੁਝ ਨਰਸਰੀਆਂ ਦੋ ਸਾਲਾਂ ਤੋਂ ਘੱਟ ਉਮਰ ਦੇ ਬੱਚੇ ਨਹੀਂ ਲੈਂਦੀਆਂ।

ਉਹਨਾਂ ਨੂੰ ਹਫਤੇ ਦੇ ਉਹ ਦਿਨ ਦੱਸੋ ਜਿੱਦਣ ਤੁਹਾਨੂੰ ਦੈਨਿਕ ਸੰਭਾਲ ਦੀ ਲੋੜ ਹੈ।

ਇਹ ਪਤਾ ਕਰੋ ਕਿ ਕੀ ਨਰਸਰੀ ਮੁੱਖ ਸੰਭਾਲਕ ਪ੍ਰਣਾਲੀ ਚਲਾਉਂਦੀ ਹੈ - ਜਿੱਥੇ ਕਿ ਇੱਕ ਬੱਚਾ ਕਿਸੇ ਵਿਸ਼ੇਸ਼ ਅਮਲੇ ਦੇ ਮੈਂਬਰ ਨੂੰ ਸੌਂਪਿਆਂ ਜਾਂਦਾ ਹੈ।

ਦੁਬਾਰਾ 'ਵੇਖ-ਵਿਖਾਈ' ਵਾਸਤੇ ਇੱਕ ਵਾਰ ਫਿਰ ਜਾਓ।

ਆਪਣੇ ਬੱਚੇ ਨੂੰ ਆਪਣੇ ਨਾਲ ਲੈਕੇ ਜਾਓ ਤਾਂਕਿ ਇਹ ਦੇਖ਼ਿਆ ਜਾ ਸਕੇ ਕਿ ਉਹ ਹੋਰਨਾਂ ਬੱਚਿਆਂ, ਅਮਲੇ ਅਤੇ ਆਲੇ-ਦੁਆਲੇ ਨੂੰ ਕਿਵੇਂ ਲੈਂਦੇ ਹਨ।

**ਜਿਆਦਾ ਜਾਣਕਾਰੀ ਵਾਸਤੇ...**ਸਥਾਨਕ ਦੈਨਿਕ ਨਰਸਰੀਆਂ ਦੀ ਸੂਚੀ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ ਨਾਲ ਸੰਪਰਕ ਕਰੋ (ਚਾਈਲਡਕੇਅਰਲਿੰਕ **0800 096 02 96** ਦੁਆਰਾ)

ਨੈਸ਼ਨਲ ਡੇ ਨਰਸਰੀਜ ਐਸੋਸ਼ੀਏਸ਼ਨ : **0870 774 4244** ਤੇ ਕਾਲ ਕਰੋ ਜਾਂ ਦੇਖੋ **www.ndna.org.uk**

ਮੁਫ਼ਤ ਅੰਸ਼ਕ ਸਮੇਂ ਦੀ ਸ਼ੁਰੂਆਤੀ ਸਿੱਖਿਆ ਪੇਸ਼ਕਸ਼ - ਦੇਖੋ ਪੰਨਾ 2

ਟੈਕਸ ਜਮ੍ਹਾਂ ਜਾਣਕਾਰੀ - ਦੇਖੋ ਪੰਨਾ 16

## ਨਰਸਰੀ ਸਕੂਲ ਅਤੇ ਜਮਾਤਾਂ

### ਤੱਥ

• ਨਰਸਰੀ ਸਕੂਲ ਅਤੇ ਨਰਸਰੀ ਜਮਾਤਾਂ ਤਿੰਨ ਤੋਂ ਪੰਜ ਸਾਲਾਂ ਬੱਚਿਆਂ ਵਾਸਤੇ ਸ਼ੁਰੂਆਤੀ ਸਿੱਖਿਆ ਅਤੇ ਬਾਲ ਸੰਭਾਲ ਪ੍ਰਦਾਨ ਕਰਦੀਆਂ ਹਨ (ਕੁਝ ਕੁ ਢਾਈ ਸਾਲ ਦੀ ਉਮਰ ਤੋਂ ਬੱਚਿਆਂ ਨੂੰ ਲੈਣਗੀਆਂ)।

• ਕੁਝ ਸਕੂਲ ਅਤੇ ਜਮਾਤਾਂ ਰਾਜਕੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਹੁੰਦੀਆਂ ਹਨ, ਬਾਕੀ ਨਿੱਜੀ ਜਾਂ ਸਵੈ-ਸੇਵੀ ਖੇਤਰ ਦੀਆਂ ਸੰਸਥਾਵਾਂ ਵੱਲੋਂ ਚਲਾਈਆਂ ਜਾਂਦੀਆਂ ਹਨ। ਉਹਨਾਂ ਵੱਲੋਂ ਲਈਆਂ ਜਾਂਦੀਆਂ ਫੀਸਾਂ ਦੇਸ਼ ਭਰ ਵਿੱਚ ਭਿੰਨ ਭਿੰਨ ਹਨ।

• ਨਰਸਰੀ ਸਕੂਲ, ਸਕੂਲ ਸਮੇਂ ਦੌਰਾਨ, ਸਾਧਾਰਨ ਤੌਰ ਤੇ ਕੇਵਲ ਟਰਮ ਸਮੇਂ ਦੌਰਾਨ, ਅਕਸਰ ਸਵੇਰੇ 9 ਵਜੇ ਤੋਂ ਲੈਕੇ 3:30 ਸ਼ਾਮ ਤੱਕ ਪੂਰੇ ਜਾਂ ਅੰਸ਼ਕ ਸਮਾਂ ਕਾਰਜ-ਕਾਲਾਂ ਵਾਸਤੇ ਖੁੱਲ੍ਹੇ ਰਹਿੰਦੇ ਹਨ।

• ਤੁਹਾਡਾ ਬੱਚਾ ਸਿੱਖਿਆ ਅਤੇ ਵਿਕਾਸਮਈ ਕਿਰਿਆਵਾਂ ਦਾ ਤਜ਼ਰਬਾ ਲਵੇਗਾ ਜਿਹੜੀਆਂ ਉਸਦੀ ਉਮਰ ਹੱਦ ਅਨੁਸਾਰ ਢੁਕਵੀਆਂ ਹੋਣਗੀਆਂ ਅਤੇ ਜਿਹੜੀਆਂ ਕਿ ਬਰਥ ਟੂ ਥਰੀ ਮੈਟਰਜ ਫਰੇਮਵਰਕ (Birth to Three Framework) ਅਤੇ ਫਾਊਂਡੇਸ਼ਨ ਸਟੇਜ (Foundation Stage) ਤੇ ਆਧਾਰਤ ਹੋਣਗੀਆਂ। (ਦੇਖੋ ਪੰਨਾ 12 ‘ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ’)

• ਕੁਝ ਕੁ ਟਰਮ ਸਮੇਂ ਦੌਰਾਨ ਅਤੇ ਸਕੂਲ ਦੀਆਂ ਛੁੱਟੀਆਂ ਦੌਰਾਨ ਵੀ ਸਕੂਲ ਤੋਂ ਪਹਿਲਾਂ ਜਾਂ ਬਾਅਦ, ਸਕੂਲ ਤੋਂ ਬਾਹਰੀ ਸੰਭਾਲ ਦੀ ਪੇਸ਼ਕਸ਼ ਵੀ ਕਰ ਸਕਦੀਆਂ ਹਨ।

### ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਕਿਵੇਂ ਯਕੀਨ ਹੋ ਸਕਦਾ ਹੈ?

ਸਾਰੇ ਨਰਸਰੀ ਸਕੂਲਾਂ ਜਾਂ ਜਮਾਤਾਂ ਦੀ ਆਫਸਟੈਂਡ ਦੁਆਰਾ ਇਹ ਪੜਤਾਲ ਕਰਨ ਲਈ ਬਕਾਇਦਾ ਜਾਂਚ ਕੀਤੀ ਜਾਂਦੀ ਹੈ (ਦੇਖੋ ਪੰਨਾ 14) ਕਿ ਮੁਫ਼ਤ ਅੰਸ਼ਕ-ਸਮੇ ਦੀ ਸ਼ੁਰੂਆਤੀ ਸਿੱਖਿਆ ਸੰਤੋਸ਼ਜਨਕ ਹੈ। ਸਕੂਲ ਜਾਂ ਜਮਾਤ ਦਾ ਆਕਾਰ ਬਦਲਦਾ ਰਹੇਗਾ, ਪਰ ਹਰੇਕ 13 ਬੱਚਿਆਂ ਵਾਸਤੇ ਇੱਕ ਸੰਭਾਲਕ ਦਿੱਤਾ ਜਾਣਾ ਚਾਹੀਦਾ ਹੈ, ਅਤੇ ਟੀਮ ਵਿੱਚ ਯੋਗਤਾ ਪ੍ਰਾਪਤ ਅਧਿਆਪਕ ਅਤੇ ਨਰਸਰੀ ਸਹਾਇਕ ਸ਼ਾਮਲ ਹੋਣਗੇ।

### ਇਹ ਮੈਨੂੰ ਕਿੰਨੀ ਕੁ ਮਹਿੰਗੀ ਪਵੇਗੀ?

ਜੇ ਇਹ ਰਾਜਕੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਹੈ ਤਾਂ ਇਹ ਮੁਫ਼ਤ ਹੈ (ਖਾਣਿਆਂ ਅਤੇ ਟਰਿੱਪਾਂ ਤੋਂ ਬਿਨਾਂ)। ਬਾਕੀ ਨਰਸਰੀਆਂ ਨਿੱਜੀ ਅਤੇ ਸਵੈ-ਸੇਵੀ ਸੰਸਥਾਵਾਂ ਵੱਲੋਂ ਚਲਾਈਆਂ ਜਾਂਦੀਆਂ ਹਨ ਅਤੇ ਉਹ ਫੀਸਾਂ ਲੈਂਦੀਆਂ ਹਨ। ਜ਼ਿਆਦਾਤਰ ਤਿੰਨ ਅਤੇ ਚਾਰ ਸਾਲਾਂ ਦੇ ਯੋਗ ਬੱਚਿਆਂ ਨੂੰ ਮੁਫ਼ਤ ਅੰਸ਼ਕ ਸਮੇਂ ਦੀ ਸ਼ੁਰੂਆਤੀ ਸਿੱਖਿਆ ਦੀ ਪੇਸ਼ਕਸ਼ ਕਰਦੀਆਂ ਹਨ। ਖਰਚਿਆਂ ਬਾਰੇ ਜਾਇਜਾ ਲੈਣ ਲਈ ਪੰਨਾ 18 ਦੇਖੋ।

### ਕੀ ਇਹ ਮੇਰੇ ਵਾਸਤੇ ਹੈ?

• ਮੇਰੇ ਵਾਸਤੇ ਇਹ ਮਹੱਤਵਪੂਰਨ ਹੈ ਕਿ ਮੇਰਾ ਬੱਚਾ ਹਾਣ ਦੀ ਉਮਰ ਦੇ ਬੱਚਿਆਂ ਨਾਲ ਮਿਲਦਾ-ਗਿਲਦਾ ਹੈ।

• ਮੈਂ ਕਿਸੇ ਰਾਜਕੀ ਨਰਸਰੀ ਸਕੂਲ ਦੇ ਨੇੜੇ ਹਾਂ। (ਇਸ ਕਰਕੇ ਇਹ ਮੁਫ਼ਤ ਹੈ)

• ਮੇਰੇ (ਕੰਮ ਦੇ) ਘੰਟੇ ਖੁੱਲ੍ਹਣ ਦੇ ਸਮੇਂ ਅਤੇ ਟਰਮ ਦੇ ਸਮਿਆਂ ਦੇ ਫਿੱਟ ਬੈਠਦੇ ਹਨ

• ਮੈਂ ਇਸ ਤੱਥ ਨੂੰ ਪਸੰਦ ਕਰਦਾ ਹਾਂ ਕਿ ਮੇਰਾ ਬੱਚਾ ਯੋਗਤਾ ਪ੍ਰਾਪਤ ਅਧਿਆਪਕਾਂ ਦੁਆਰਾ ਪੜ੍ਹਾਇਆ ਜਾਵੇਗਾ

• ਮੈਂ ਸੰਭਾਲ ਦੀ ਲਗਾਤਾਰਤਾ ਵਾਸਤੇ ਦੇਖ ਰਿਹਾ ਹਾਂ

• ਮੈਨੂੰ ਇਹ ਜਾਨਣ ਦੀ ਲੋੜ ਹੈ ਕਿ ਮੇਰੇ ਬੱਚੇ ਦੀ ਦੇਖਭਾਲ ਵਾਸਤੇ ਹਮੇਸ਼ਾ ਕੋਈ ਨਾ ਕੋਈ ਹੋਵੇ - ਜੇ ਇੱਕ ਸੰਭਾਲਕ ਬਿਮਾਰ ਹੁੰਦਾ ਹੈ ਤਾਂ ਦੂਜਾ ਉਸਦੀ ਥਾਂ ਲੈ ਸਕਦਾ ਹੈ

• ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਦੀ ਵੰਨ-ਸੁਵੰਨੇ ਖਿਡੌਣਿਆਂ, ਸਾਮਾਨ ਅਤੇ ਉਤੇਜਕ ਕਿਰਿਆਵਾਂ ਤੱਕ ਪਹੁੰਚ ਹੋਵੇ

• ਮੈਂ ਸੋਚਦਾ ਹਾਂ ਕਿ ਮੇਰਾ ਬੱਚਾ ਨਵੇਂ ਤਜ਼ਰਬਿਆਂ ਵਾਸਤੇ ਤਿਆਰ ਹੈ

### ਨਰਸਰੀ ਸਕੂਲ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

*ਕਿਸੇ ਅਮਲੇ ਦੇ ਮੈਂਬਰ ਨੂੰ ਕਹੋ ਕਿ ਉਹ ਤੁਹਾਨੂੰ ਆਲਾ ਦੁਆਲਾ ਦਿਖਾਵੇ।*

ਕੀ ਕਮਰੇ ਸਾਫ਼, ਹਲਕੇ ਅਤੇ ਕਾਫ਼ੀ ਵੱਡੇ ਹਨ?

ਕੀ ਬੱਚੇ ਖੁਸ਼ ਅਤੇ ਮਕਸਦ-ਭਰਪੂਰ ਦਿਖਾਈ ਦਿੰਦੇ ਹਨ?

ਕੀ ਖਿਡੌਣੇ / ਕਿਤਾਬਾਂ / ਫਰਨੀਚਰ ਚੰਗੀ ਤਰਾਂ ਰੱਖੇ ਹੋਏ ਹਨ?

ਅਮਲੇ ਦੇ ਕਿਸੇ ਮੈਂਬਰ ਨੂੰ ਕਿਸੇ ਦਿਨ / ਕਾਰਜ ਕਾਲ ਦੌਰਾਨ ਗੱਲ ਕਰਨ ਲਈ ਕਹੋ।

ਤੁਸੀਂ ਕਿਸ ਕਿਸਮ ਦੀਆਂ ਕਿਰਿਆਵਾਂ ਦੀ ਯੋਜਨਾ ਉਲੀਕਦੇ ਹੋ?

ਕੀ ਓਥੇ ਢੁਕਵੇਂ ਸੌਣ ਦੇ ਪ੍ਰਬੰਧ ਹਨ?

ਕੀ ਓਥੇ ਬੱਚਿਆਂ ਲਈ ਬਾਹਰ ਖੇਡਣ ਦੇ ਮੌਕੇ ਹਨ?

ਮੇਰੇ ਬੱਚੇ ਦੀ ਉਮਰ ਦੇ ਓਥੇ ਕਿੰਨੇ ਕੁ ਬੱਚੇ ਹੋਰ ਹੋਣਗੇ?

ਕੀ ਕੋਈ ਹੋਰ ਵਾਧੂ ਖ਼ਰਚੇ ਹਨ?

ਮੈਂ ਇਸ ਵਿੱਚ ਕਿਵੇਂ ਸੰਮਲਿਤ ਹੋ ਸਕਦਾ ਹਾਂ?

ਉਹ ਕਿੱਥੇ ਜਾਂਦੇ ਹਨ (ਪਾਰਕ, ਤੈਰਨ, ਉਦਹਰਨ ਦੇ ਲਈ)?

ਮੈਂ ਇਹ ਕਿਵੇਂ ਯਕੀਨੀ ਬਣਾ ਸਕਦਾ ਹਾਂ ਕਿ ਮੇਰਾ ਬੱਚਾ ਚੰਗੀ ਤਰਾਂ ਸਥਾਪਤ ਹੋ ਰਿਹਾ ਹੈ?

ਕੀ ਤੁਸੀਂ ਇਸ ਗੱਲ ਦਾ ਰੋਜਾਨਾ ਰਿਕਾਰਡ ਰੱਖੋਗੇ ਕਿ ਉਹਨਾਂ ਨੇ ਕੀ ਕੀਤਾ ਹੈ?

ਕੀ ਬੱਚਿਆਂ ਦੀ ਚੰਗੀ ਤਰਾਂ ਨਿਗਰਾਨੀ ਕੀਤੀ ਜਾਂਦੀ ਹੈ?

### ਇਹ ਵੀ ਯਾਦ ਰੱਖੋ...

ਨਰਸਰੀ ਸਕੂਲ ਨੂੰ ਓਦੋਂ ਦੇਖੋ ਜਦੋਂ ਕੋਈ ਕਾਰਜ-ਕਾਲ ਭਰ ਜੋਬਨ ਤੇ ਚੱਲ ਰਿਹਾ ਹੋਵੇ। ਇਸ ਤਰੀਕੇ ਨਾਲ ਤੁਸੀਂ ਸਥਾਪਨਾ ਨੂੰ ਅਤੇ ਮਹੌਲ ਨੂੰ ਸਿੱਧੇ ਤੌਰ ਤੇ ਦੇਖ ਸਕਦੇ ਹੋ।

ਮੁੜ ਨਜ਼ਰ ਮਾਰਨ ਲਈ ਇੱਕ ਵਾਰ ਫਿਰ ਜਾਓ।

ਆਪਣੇ ਬੱਚੇ ਨੂੰ ਆਪਣੇ ਨਾਲ ਲੈਕੇ ਜਾਓ ਤਾਂਕਿ ਇਹ ਦੇਖ਼ਿਆ ਜਾ ਸਕੇ ਕਿ ਉਹ ਹੋਰਨਾਂ ਬੱਚਿਆਂ, ਅਮਲੇ ਅਤੇ ਆਲੇ-ਦੁਆਲੇ ਨੂੰ ਕਿਵੇਂ ਲੈਂਦੇ ਹਨ।

ਦੇਖੋ ਕਿ ਸਕੂਲ ਕਿਸ ਕਿਸਮ ਦੇ ਸਹਾਇਕ ਰੱਖਦਾ ਹੈ ਅਤੇ ਸੰਭਾਲ ਦੀ ਲਗਾਤਾਰਤਾ ਕਿੰਨੀ ਕੁ ਹੈ। ਅਮਲੇ ਦਾ ਤੇਜ਼ੀ ਨਾਲ ਬਦਲੇ ਜਾਣਾ ਛੋਟੇ ਬੱਚਿਆ ਵਾਸਤੇ ਕਾਫੀ ਭੰਬਲਭੂਸੇ ਭਰਿਆ ਹੋ ਸਕਦਾ ਹੈ।

### ਹੋਰ ਜਿਆਦਾ ਜਾਣੋ...

ਸਥਾਨਕ ਨਰਸਰੀ ਸਕੂਲਾਂ ਦੀ ਸੂਚੀ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਨਾਲ ਚਾਈਲਡਕੇਅਰਲਿੰਕ ਮੁਫ਼ਤਫ਼ੋਨ ਰਾਹੀਂ **0800 096 02 96** ਤੇ ਸੰਪਰਕ ਕਰੋ

ਨੈਸ਼ਨਲ ਡੇ ਨਰਸਰੀਜ ਐਸੋਸੀਏਸ਼ਨਜ : **0870 774 4244** ਜਾਂ ਦੇਖੋ **www.ndna.org.uk**

ਸੰਭਾਲ ਕੇ ਰੱਖੇ ਗਏ ਨਰਸਰੀ ਸਕੂਲਾਂ ਅਤੇ ਬਾਲ ਕੇਂਦਰਾਂ ਵਾਸਤੇ ਫੋਰਮ :
**www.early-education.org.uk/nsfnewhome.htm**

## ਪਹਿਲ-ਸਕੂਲ ਜਾਂ ਖੇਡ-ਗਰੁੱਪ

### ਤੱਥ

• ਪਹਿਲ ਸਕੂਲ ਜਾਂ ਖੇਡ ਗਰੁੱਪ ਸੰਭਾਲ ਪ੍ਰਦਾਨ ਕਰਦੇ ਹਨ ਅਤੇ ਜ਼ਿਆਦਾਤਰ ਤਿੰਨ ਤੋਂ ਪੰਜ ਸਾਲਾਂ ਦੇ ਬੱਚਿਆਂ ਨੂੰ ਸ਼ੁਰੂਆਤੀ ਸਿੱਖਿਆ ਵੀ ਪ੍ਰਦਾਨ ਕਰਦੇ ਹਨ।

• ਇੱਕ ਪਹਿਲ ਸਕੂਲ ਜਾਂ ਖੇਡ ਗਰੁੱਪ, ਅਕਸਰ ਮਾਪਿਆਂ ਦੀ ਮਦਦ ਨਾਲ, ਭਾਈਚਾਰੇ ਜਾਂ ਸਵੈ-ਸੇਵੀ ਗਰੁੱਪਾਂ ਵੱਲੋਂ ਸੰਗਠਤ ਕੀਤਾ ਗਰੁੱਪ ਹੁੰਦਾ ਹੈ ਜਿਹੜਾ ਕਿ ਲਾਭ ਕਮਾਉਣ ਵਾਸਤੇ ਨਹੀਂ ਹੁੰਦਾ।

• ਉਹ ਟਰਮ ਸਮੇਂ ਦੌਰਾਨ, ਢਾਈ ਘੰਟਿਆਂ ਤੋਂ ਲੈਕੇ ਚਾਰ ਘੰਟਿਆਂ ਤੱਕ ਦੇ ਕਾਰਜ ਕਾਲਾਂ ਦੀ ਪੇਸ਼ਕਸ਼ ਕਰਦੇ ਹਨ ਜਾਂ ਤਾਂ ਹਰੇਕ ਦਿਨ ਜਾਂ ਹਫਤੇ ਵਿੱਚ ਕਈ ਦਿਨ।

• ਤੁਹਾਡਾ ਬੱਚਾ ਸਿੱਖਿਆ ਅਤੇ ਵਿਕਾਸਮਈ ਕਿਰਿਆਵਾਂ ਦਾ ਤਜ਼ਰਬਾ ਲਵੇਗਾ ਜਿਹੜੀਆਂ ਉਸਦੀ ਉਮਰ ਹੱਦ ਅਨੁਸਾਰ ਢੁਕਵੀਆਂ ਹੋਣਗੀਆਂ ਅਤੇ ਜਿਹੜੀਆਂ ਕਿ ਬਰਥ ਟੂ ਥਰੀ ਮੈਟਰਜ ਫਰੇਮਵਰਕ (Birth to Three Framework) ਅਤੇ ਫਾਊਂਡੇਸ਼ਨ ਸਟੇਜ (Foundation Stage) ਤੇ ਆਧਾਰਤ ਹੋਣਗੀਆਂ। (ਦੇਖੋ ਪੰਨਾ 12 'ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ')

• ਪਹਿਲ ਸਕੂਲ ਤੁਹਾਡੀ ਬਾਲ ਸੰਭਾਲ ਵਿੱਚ ਵਾਧਾ ਕਰਨ ਦਾ ਇੱਕ ਵਧੀਆ ਤਰੀਕਾ ਹਨ ਅਤੇ ਕੁਝ ਲੰਬੇ ਸਮੇਂ ਦੇ ਕਾਰਜ-ਕਾਲਾਂ ਜਾਂ ਪੂਰੇ ਸਮੇਂ ਦੀ ਦੈਨਿਕ ਸੰਭਾਲ ਵਾਸਤੇ ਆਪਣੀਆਂ ਸੇਵਾਵਾਂ ਦਾ ਵਿਕਾਸ ਕਰ ਰਹੇ ਹਨ।

**ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਯਕੀਨ ਕਿਵੇਂ ਹੋ ਸਕਦਾ ਹੈ?**

ਇੱਕ ਪੰਜੀਕਿਰਤ ਪਹਿਲ ਸਕੂਲ ਜਾਂ ਖੇਡ ਗਰੁੱਪ ਦੀ ਆਫਸਟੈਡ (ਦੇਖੋ ਪੰਨਾ 14) ਦੁਆਰਾ ਬਕਾਇਦਾ ਇਹ ਦੇਖਣ ਲਈ ਜਾਂਚ ਕੀਤੀ ਜਾਂਦੀ ਹੈ ਕਿ ਸੰਭਾਲ ਦੀ ਗੁਣਵਤਾ ਅਤੇ ਮੁਫ਼ਤ ਅੰਸ਼ਕ ਸਮੇਂ ਦੀ ਸ਼ੁਰੂਆਤੀ ਸਿੱਖਿਆ (ਜੇ ਮੁਹੱਈਆ ਕੀਤੀ ਜਾਂਦੀ ਹੈ) ਸੰਤੋਸ਼ਜਨਕ ਹੈ।

ਜਿਆਦਾਤਰ ਪਹਿਲ-ਸਕੂਲ ਜਾਂ ਖੇਡ ਗਰੁੱਪ ਚੌਵੀ ਤੋਂ ਲੈਕੇ ਅਠਾਈ ਬੱਚਿਆਂ ਵਾਸਤੇ ਸਥਾਨ ਮੁਹੱਈਆ ਕਰਾਉਣਗੇ। ਤਿੰਨ ਤੋਂ ਪੰਜ ਸਾਲਾਂ ਦੇ ਹਰੇਕ ਅੱਠ ਬੱਚਿਆਂ ਵਾਸਤੇ ਅਮਲੇ ਦਾ ਇੱਕ ਮੈਂਬਰ ਹੋਣਾ ਚਾਹੀਦਾ ਹੈ।

ਜਿਆਦਾਤਰ ਅਮਲਾ ਬੱਚਿਆਂ ਨਾਲ ਕੰਮ ਕਰਨ ਵਾਸਤੇ ਸਿਖਲਾਈ ਪ੍ਰਾਪਤ ਹੁੰਦਾ ਹੈ ਜਾਂ ਸਿਖਲਾਈ ਅਧੀਨ ਹੁੰਦਾ ਹੈ।

**ਇਹ ਮੈਨੂੰ ਕਿੰਨਾ ਕੁ ਮਹਿੰਗਾ ਪਵੇਗਾ?**

3 ਤੋਂ 5 ਪੌਂਡ ਪ੍ਰਤੀ ਕਾਰਜ-ਕਾਲ ਪਰ ਇਹ ਘੱਟੋ ਘੱਟ ਹੈ। ਕੁਝ ਕੁ ਤੁਹਾਨੂੰ ਅੱਧੀ ਟਰਮ ਦੇ ਬਲਾਕ ਵਾਸਤੇ ਪੇਸ਼ਗੀ ਅਦਾਇਗੀ ਕਰਨ ਨੂੰ ਕਹਿ ਸਕਦੇ ਹਨ। ਸਾਰੇ ਦੇਸ਼ ਵਿੱਚ ਖਰਚੇ ਭਿੰਨ ਭਿੰਨ ਹੋਣਗੇ। ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ ਤੁਹਾਨੂੰ ਨਵੀਨਤਮ ਸਥਾਨਕ ਖਰਚਿਆਂ ਬਾਰੇ ਜਾਣਕਾਰੀ ਦੇਣ ਦੇ ਯੋਗ ਹੋਵੇਗੀ।

**ਕੀ ਇਹ ਮੇਰੇ ਵਾਸਤੇ ਹੈ?**

• ਮੇਰਾ ਬਾਲ ਸੰਭਾਲਕ ਮੇਰੇ ਬੱਚੇ ਨੂੰ ਪਹਿਲ-ਸਕੂਲ ਲਿਜਾ ਸਕਦਾ ਹੈ (ਉਹ ਮੌਜੂਦਾ ਬਾਲ ਸੰਭਾਲ ਪ੍ਰਬੰਧਾਂ ਨੂੰ ਪੂਰਨਤਾ ਦੇ ਸਕਦੇ ਹਨ)
• ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਗੱਲ ਹੈ ਕਿ ਉਹ ਘੁਲਣ ਮਿਲਣਗੇ ਅਤੇ ਹੋਰਨਾਂ ਬੱਚਿਆਂ ਨਾਲ ਨਵੇਂ ਦੋਸਤ ਬਣਾਉਣਗੇ
• ਮੈਂ ਆਪਣੇ ਬੱਚੇ ਨੂੰ ਲੋੜ ਤੋਂ ਜਿਆਦਾ ਸਮੇਂ ਲਈ ਨਹੀਂ ਛੱਡਣਾ ਚਾਹੁੰਦਾ
• ਮੇਰੇ ਕੋਲ ਵਾਧੂ ਸਮਾਂ ਹੈ, ਅਤੇ ਮੈਂ ਖੇਡ ਗਰੁੱਪ ਵਿੱਚ ਸੰਮਲਿਤ ਹੋਣਾ ਚਾਹੁੰਦਾ ਹਾਂ ਅਤੇ ਮਦਦ ਕਰਨਾ ਚਾਹੁੰਦਾ ਹਾਂ
• ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਦੀ ਵੰਨ-ਸੁਵੰਨੇ ਖਿਡੌਣਿਆਂ, ਸਾਮਾਨ ਅਤੇ ਉਤੇਜਕ ਕਿਰਿਆਵਾਂ ਤੱਕ ਪਹੁੰਚ ਹੋਵੇ
• ਮੇਰੇ (ਕੰਮ ਦੇ) ਘੰਟੇ ਖੁੱਲ੍ਹਣ ਅਤੇ ਬੰਦ ਹੋਣ ਦੇ ਸਮਿਆਂ ਦੇ ਫਿੱਟ ਬੈਠਦੇ ਹਨ
• ਮੈਂ ਆਪਣੇ ਬੱਚੇ ਨੂੰ ਅਜਿਹੀ ਜਗ੍ਹਾ ਛੱਡਕੇ ਖੁਸ਼ੀ ਮਹਿਸੂਸ ਕਰਦਾ ਹਾਂ ਜਿੱਥੇ ਸਿਖਲਾਈ ਪ੍ਰਾਪਤ ਪੇਸ਼ੇਵਰ ਹਨ
• ਮੈਨੂੰ ਇਹ ਜਾਨਣ ਦੀ ਲੋੜ ਹੈ ਕਿ ਮੇਰੇ ਬੱਚੇ ਦੀ ਦੇਖਭਾਲ ਵਾਸਤੇ ਹਮੇਸ਼ਾ ਕੋਈ ਨਾ ਕੋਈ ਹੋਵੇ - ਜੇ ਇੱਕ ਸੰਭਾਲਕ ਬਿਮਾਰ ਹੁੰਦਾ ਹੈ ਤਾਂ ਦੂਜਾ ਉਸਦੀ ਥਾਂ ਲੈ ਸਕਦਾ ਹੈ

**ਪਹਿਲ ਸਕੂਲ / ਖੇਡ ਗਰੁੱਪ ਨੂੰ ਪੁੱਛੇ ਜਾਣ ਵਾਸਤੇ ਪ੍ਰਸ਼ਨ**

**ਅਮਲੇ ਕੋਲ ਕੀ ਕੀ ਯੋਗਤਾਵਾਂ ਹਨ?**

ਕੀ ਤੁਸੀਂ ਮੇਰੇ ਨਾਲ ਉਹਨਾਂ ਸਿੱਖਿਆਤਮਕ ਅਤੇ ਵਿਕਾਸਮਈ ਕਿਰਿਆਵਾਂ ਬਾਰੇ ਗੱਲ ਕਰਦੇ ਹੋ ਜਿੰਨ੍ਹਾਂ ਵਿੱਚ ਮੇਰਾ ਬੱਚਾ ਹਿੱਸਾ ਲਵੇਗਾ?

ਮੈਂ ਕਿਵੇਂ ਜਾਣਾਂਗਾ ਕਿ ਮੇਰਾ ਬੱਚਾ ਕਿੰਨੀ ਚੰਗੀ ਤਰਾਂ ਸਥਾਪਤ ਹੋ ਰਿਹਾ ਹੈ?

ਕੀ ਮੈਂ ਘੱਟੋ ਘੱਟ ਦੋ ਕਾਰਜ-ਕਾਲਾਂ ਵਾਸਤੇ ਠਹਿਰ ਸਕਦਾ ਹਾਂ ਅਤੇ ਉਹਨਾਂ ਵਿੱਚ ਸ਼ਾਮਲ ਹੋ ਸਕਦਾ ਹਾਂ ਤਾਂ ਕਿ ਮੈਨੂੰ ਯਕੀਨ ਹੋ ਜਾਵੇ ਕਿ ਇਸ ਕਿਸਮ ਦੀ ਸੰਭਾਲ ਮੇਰੇ ਬੱਚੇ ਵਾਸਤੇ ਸਹੀ ਹੈ?

ਤੁਸੀਂ ਕਿੰਨੀ ਬੱਚਿਆਂ ਦੀ ਸੰਭਾਲ ਕਰਦੇ ਹੋ?

ਕੀ ਇਮਾਰਤ / ਕਮਰਾ ਸੁਰੱਖਿਅਤ ਹੈ ਅਤੇ ਚੰਗੀ ਤਰਾਂ ਸੰਭਾਲ ਕੇ ਰੱਖਿਆ ਹੋਇਆ ਹੈ (ਖਾਸ ਤੌਰ ਤੇ ਜੇ ਇਹ ਹੋਰਨਾਂ ਮਕਸਦਾਂ ਵਾਸਤੇ ਵਰਤਿਆ ਜਾਂਦਾ ਹੈ, ਉਦਾਹਰਨ ਲਈ ਚਰਚ ਹਾਲ)?

ਕੀ ਓਥੇ ਬਹੁਤ ਸਾਰੇ ਖਿਡੌਣੇ ਅਤੇ ਸਾਜੋ ਸਾਮਾਨ ਹੈ?

ਮਾਪਿਆਂ ਦੀ ਸ਼ਮੂਲੀਅਤ ਤੇ ਕਿੰਨਾ ਕੁ ਜ਼ੋਰ ਦਿੱਤਾ ਜਾਂਦਾ ਹੈ ਅਤੇ ਮੈਂ ਕਿਵੇਂ ਸੰਮਲਿਤ ਹੋ ਸਕਦਾ ਹਾਂ?

ਬਾਹਰੀ ਯਾਤਰਾਵਾਂ ਦੀ ਨਿਗਰਾਨੀ ਕਿਵੇਂ ਕੀਤੀ ਜਾਵੇਗੀ?

ਕੀ ਤੁਸੀਂ ਇਸ ਗੱਲ ਦਾ ਰੋਜਾਨਾ ਰਿਕਾਰਡ ਰੱਖੋਗੇ ਕਿ ਉਹਨਾਂ ਨੇ ਕੀ ਕੀਤਾ ਹੈ?

ਕੀ ਬੱਚਿਆਂ ਦੀ ਚੰਗੀ ਤਰਾਂ ਨਿਗਰਾਨੀ ਕੀਤੀ ਜਾਂਦੀ ਹੈ?

**ਇਹ ਵੀ ਯਾਦ ਰੱਖੋ...**

ਦੇਰੀਆਂ - ਅਤੇ ਨਿਰਾਸ਼ਾ ਤੋਂ ਬਚਣ ਲਈ ਆਪਣੇ ਬੱਚੇ ਦਾ ਨਾਂਅ ਕਿਸੇ ਪਹਿਲ ਸਕੂਲ ਦੀ ਸੂਚੀ ਤੇ ਜਿੰਨੀ ਜਲਦੀ ਸੰਭਵ ਹੋਵੇ, ਲਿਖਵਾ ਦਿਓ। ਇਹ ਬਹੁਤ ਹੀ ਮਸ਼ਹੂਰ ਹਨ।

ਇਹ ਯਕੀਨੀ ਬਣਾਓ ਕਿ ਆਗੂ ਢੁਕਵੀਂ ਯੋਗਤਾ ਵਾਲਾ ਹੋਵੇ। ਕੌਮੀ ਮਿਆਰ ਇਹ ਬਿਆਨ ਕਰਦੇ ਹਨ ਕਿ ਉਹਨਾਂ ਕੋਲ ਸ਼ੁਰੂਆਤੀ ਸਾਲਾਂ ਦੀ ਸੰਭਾਲ ਅਤੇ ਸਿੱਖਿਆ ਵਿੱਚ ਲੈਵਲ ਤਿੰਨ ਦੀ ਯੋਗਤਾ ਹੋਣੀ ਚਾਹੀਦੀ ਹੈ, ਅਤੇ ਨਾਲ ਹੀ ਸਿਖਲਾਈ ਪ੍ਰਾਪਤ ਸਹਾਇਕ ਅਮਲਾ ਵੀ।

ਇਹ ਪੜਤਾਲ ਕਰੋ ਕਿ ਸੁਵਿਧਾਵਾਂ ਉੱਚ ਮਿਆਰ ਦੀਆਂ ਹਨ।

ਉਥੇ ਬੈਠ ਕੇ ਕਰਨ ਵਾਲੀਆਂ ਕਿਰਿਆਵਾਂ ਵਾਸਤੇ ਇੱਕ ਸ਼ਾਂਤ ਸਮੇਂ ਦਾ ਖੇਤਰ (ਜਿਵੇਂ ਕਿ ਉਸਾਰੀ ਖਿਡੌਣੇ, ਉਲਝਣਾਂ, ਸ਼ਕਲਾਂ ਵਾਹੁਣੀਆਂ ਅਤੇ ਬਾਤਾਂ ਦਾ ਸਮਾਂ), ਬੇਲਗਾਮ ਖੇਡਣ ਵਾਸਤੇ ਇੱਕ ਖੇਤਰ, ਅਤੇ ਜ਼ਿਆਦਾ ਸਰੀਰਕ ਖੇਡਾਂ ਵਾਸਤੇ ਇੱਕ ਖੇਤਰ ਜਿਵੇਂ ਕਿ ਠੇਲਾ ਧੱਕਣਾ, ਹੋਣਾ ਚਾਹੀਦਾ ਹੈ।

**ਹੋਰ ਜਿਆਦਾ ਜਾਣੋ ...**

ਸਥਾਨਕ ਪਹਿਲ ਸਕੂਲਾਂ ਜਾਂ ਖੇਡ ਗਰੁੱਪਾਂ ਦੀ ਸੂਚੀ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਨਾਲ ਚਾਈਲਡਕੇਅਰਲਿੰਕ (ਮੁਫ਼ਤਫ਼ੋਨ **0800 096 02 96**) ਰਾਹੀਂ ਸੰਪਰਕ ਕਰੋ।

ਪ੍ਰੀ ਸਕੂਲ ਲਰਨਿੰਗ ਅਲਾਈਂਸ ਨੂੰ ਕਾਲ ਕਰੋ : **020 7833 0991** ਜਾਂ ਦੇਖੋ [www.pre-school.org.uk](http://www.pre-school.org.uk)

**ਸ਼ਿਓਰ ਸਟਾਰਟ ਬਾਲ ਕੇਂਦਰ**

**ਤੱਥ**

• ਸ਼ਿਓਰ ਸਟਾਰਟ ਬਾਲ ਕੇਂਦਰ ਨਵੀਨਤਮ ਹਨ - ਇਹ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਸ਼ੁਰੂਆਤੀ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਨਾਲ ਨਾਲ ਪੂਰੀ ਦੈਨਿਕ ਸੰਭਾਲ ਪ੍ਰਦਾਨ ਕਰਦੇ ਹਨ।

• ਇਹ ਪਰਿਵਾਰਕ ਸਹਾਇਤਾ ਦੀ ਪੇਸ਼ਕਸ਼ ਵੀ ਕਰ ਸਕਦੇ ਹਨ ਅਤੇ ਮਾਪਿਆਂ ਤੱਕ ਵੀ ਪਹੁੰਚ ਸਕਦੇ ਹਨ, ਬਾਲ ਸੰਭਾਲਕਾਂ ਵਾਸਤੇ ਇੱਕ ਆਧਾਰ ਹੋ ਸਕਦੇ ਹਨ, ਅਤੇ ਇਹਨਾਂ ਦਾ ਸੰਪਰਕ ਜੌਬਸੈਂਟਰ ਪਲੱਸ, ਬਾਲ ਜਾਣਕਾਰੀ ਸੇਵਾ (CIS) ਅਤੇ ਅਗਲੇਰੀ ਸਿੱਖਿਆ ਸੰਸਥਾਵਾਂ ਨਾਲ ਵੀ ਹੋ ਸਕਦੇ ਹਨ।

• ਇਹ ਸਾਲ ਵਿੱਚ ਘੱਟੋ ਘੱਟ 48 ਹਫ਼ਤੇ, ਹਫਤੇ ਵਿੱਚ ਪੰਜ ਦਿਨ, ਅਤੇ ਹਰੇਕ ਦਿਨ ਦਸ ਘੰਟਿਆਂ ਵਾਸਤੇ ਖੁੱਲ੍ਹੇ ਰਹਿੰਦੇ ਹਨ।

• ਇੰਗਲੈਂਡ ਵਿੱਚ 250 ਸੈਂਟਰ ਪਹਿਲਾਂ ਹੀ ਖੁੱਲ੍ਹੇ ਹੋਏ ਹਨ। 2008 ਤੱਕ, 2,500 ਖੁੱਲ੍ਹ ਜਾਣਗੇ ਅਤੇ 2010 ਤੱਕ ਹਰੇਕ ਭਾਈਚਾਰੇ ਵਾਸਤੇ ਕੋਈ ਨਾ ਕੋਈ ਹੋਵੇਗਾ।

• ਬਹੁਤ ਸਾਰੇ ਕੇਂਦਰ ਸ਼ਿਓਰ ਸਟਾਰਟ ਸਥਾਨਕ ਪ੍ਰੋਗਰਾਮਾਂ, ਨੇਬਰਹੁੱਡ ਨਰਸਰੀਜ ਐਂਡ ਅਰਲੀ ਐਕਸੈਲੰਸ ਸੈਂਟਰਜ (Neighbourhood Nurseries and Early Excellence Centres) ਤੋਂ ਵਿਕਸਤ ਕੀਤੇ ਜਾਣਗੇ ਅਤੇ ਇਹਨਾਂ ਵਿੱਚ ਨਿੱਜੀ / ਸਵੈ-ਸੇਵੀ ਵਿਵਸਥਾ ਵੀ ਸ਼ਾਮਲ ਹੋਵੇਗੀ।

**ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਕਿਵੇਂ ਯਕੀਨ ਹੋ ਸਕਦਾ ਹੈ?**

ਸਾਰੇ ਕੇਂਦਰ ਆਫਸਟੈੱਡ ਦੁਆਰਾ ਦੇਖੇ ਅਤੇ ਪੜਤਾਲੇ ਜਾਣਗੇ। ਨੋਟ : ਕਿਸੇ ਕੇਂਦਰ ਦੀ ਜਾਂਚ ਨਹੀਂ ਹੋਈ ਵੀ ਹੋ ਸਕਦੀ ਹੈ ਜੇ ਇਹ ਤਾਜ਼ਾ ਤਾਜ਼ਾ ਹੀ ਖੁੱਲਿਆ ਹੋਵੇ। ਤੁਹਾਨੂੰ ਇਸ ਬਾਰੇ ਜਾਂਚ ਕਰਨ ਦੀ ਲੋੜ ਪਵੇਗੀ।

**ਇਹ ਮੈਨੂੰ ਕਿੰਨਾ ਕੁ ਮਹਿੰਗਾ ਪਵੇਗਾ?**

ਸਾਰੇ ਕੇਂਦਰ ਭਿੰਨ ਭਿੰਨ ਤਰੀਕਿਆਂ ਨਾਲ ਚਲਾਏ ਜਾਣਗੇ, ਇਸ ਕਰਕੇ ਅਮਲੇ ਨਾਲ ਗੱਲ ਕਰੋ। ਤੁਹਾਨੂੰ ਸੰਭਾਵਤ ਤੌਰ ਤੇ ਬਾਲ ਸੰਭਾਲ ਵਾਸਤੇ ਖਰਚਾ ਦੇਣਾ ਪਵੇਗਾ ਪਰ ਇਹ ਤੁਹਾਡੇ ਹਾਲਾਤਾਂ ਤੇ ਨਿਰਭਰ ਕਰੇਗਾ, ਉਦਾਹਰਨ ਲਈ ਕੀ ਤੁਸੀਂ ਕੰਮ ਕਰ ਰਹੇ ਹੋ ਜਾਂ ਕੀ ਤੁਸੀਂ ਰਾਜਕੀ ਭੱਤਿਆਂ ਦਾ ਦਾਅਵਾ ਕਰ ਰਹੇ ਹੋ?

## ਕੀ ਇਹ ਮੇਰੇ ਵਾਸਤੇ ਹੈ?

• ਮੈਂ ਪੂਰੇ ਸਮੇਂ ਵਾਸਤੇ ਕੰਮ ਕਰਦਾ ਹਾਂ ਅਤੇ ਮੈਨੂੰ ਅਜਿਹੇ ਯੋਗਤਾ ਪ੍ਰਾਪਤ ਅਮਲੇ ਦੀ ਲੋੜ ਹੈ ਜਿਸਤੇ ਮੈਂ ਵਿਸ਼ਵਾਸ਼ ਕਰ ਸਕਾਂ

• ਮੈਂ ਚਾਹੁੰਦਾ ਹਾਂ ਕਿ ਮੇਰਾ ਬੱਚਾ ਸੰਭਾਲ ਕੀਤੇ ਜਾਣ ਦੌਰਾਨ ਸਿੱਖੇ (ਇਹ ਉਹਨਾਂ ਨੂੰ ਸਕੂਲ ਵਿੱਚ ਵਧੀਆ ਸ਼ੁਰੂਆਤ ਦੇਵੇਗਾ)

• ਮੈਂ ਕੰਮ ਨਹੀਂ ਕਰ ਰਿਹਾ ਅਤੇ ਹੋਰਨਾਂ ਮਾਪਿਆਂ, ਸੰਭਾਲਕਾਂ ਅਤੇ ਬੱਚਿਆਂ ਨੂੰ ਮਿਲਣਾ ਚਾਹੁੰਦਾ ਹਾਂ

• ਮੈਂ ਮਦਦ ਕਰਨ ਵਾਸਤੇ ਸਿਖਲਾਈ ਪ੍ਰਾਪਤ ਲੋਕਾਂ ਕੋਲੋ ਸਿਹਤ ਸਬੰਧੀ ਸਲਾਹ ਲੈਣਾ ਚਾਹੁੰਦਾ ਹਾਂ

• ਮੈਂ ਭਵਿੱਖ ਵਾਸਤੇ ਸਿਖਲਾਈ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਜਿਆਦਾ ਜਾਣਕਾਰੀ ਲੈਣਾ ਚਾਹੁੰਦਾ ਹਾਂ

• ਮੈਂ ਆਪਣੀਆਂ ਸਾਰੀਆਂ ਬਾਲ ਸੰਭਾਲ ਲੋੜਾਂ, ਸਲਾਹ ਅਤੇ ਸਹਾਇਤਾ ਵਾਸਤੇ ਕੇਵਲ ਇੱਕੋ ਜਗ੍ਹਾ ਜਾਣਾ ਚਾਹੁੰਦਾ ਹਾਂ

## ਸ਼ਿਓਰ ਸਟਾਰਟ ਬਾਲ ਕੇਂਦਰ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

ਇਹ ਕੇਂਦਰ ਕਿੰਨੇ ਸਮੇਂ ਤੋਂ ਚੱਲ ਰਿਹਾ ਹੈ?

ਬਾਲ ਸੰਭਾਲ ਤੋਂ ਬਿਨਾਂ ਇਹ ਹੋਰ ਕਿਸ ਚੀਜ਼ ਦੀ ਪੇਸ਼ਕਸ਼ ਕਰਦਾ ਹੈ?

ਇਹ ਕਿੰਨੇ ਬੱਚਿਆਂ ਦੀ ਸੰਭਾਲ ਕਰਨ ਵਾਸਤੇ ਪੰਜੀਕਿਰਤ ਹੈ?

ਜਿੰਨ੍ਹਾਂ ਬੱਚਿਆਂ ਨੂੰ ਅਜੇ ਲੈਟਰੀਨ ਬੈਠਣਾ ਨਹੀਂ ਆਉਂਦਾ, ਉਹਨਾਂ ਵਾਸਤੇ ਕੀ ਵਿਵਸਥਾ ਕੀਤੀ ਗਈ ਹੈ?

ਕੀ ਸੁਰੱਖਿਅਤ, ਸੁਆਸਥ-ਵਰਧਕ, ਸਾਫ-ਸੁਥਰੇ ਹਾਲਾਤ ਬਣਾ ਕੇ ਰੱਖੇ ਗਏ ਹਨ?

ਕੀ ਮੈਨੂੰ ਕਿਸੇ ਸੇਵਾਵਾਂ ਵਾਸਤੇ ਅਦਾਇਗੀ ਕਰਨ ਦੀ ਲੋੜ ਹੈ?

ਮੈਂ ਕੇਂਦਰ ਵਿੱਚ ਕਿਵੇਂ ਸੰਮਲਿਤ ਹੋ ਸਕਦਾ ਹਾਂ?

ਕੀ ਬੱਚਿਆਂ ਦੀ ਚੰਗੀ ਤਰਾਂ ਨਿਗਰਾਨੀ ਕੀਤੀ ਜਾਂਦੀ ਹੈ?

ਜਿਆਦਾ ਬਾਲ ਸੰਭਾਲ ਪ੍ਰਸ਼ਨਾਂ ਬਾਰੇ, ਪੰਨਾ 5 ਤੇ ਖੰਡ ਦੈਨਿਕ ਨਰਸਰੀਆਂ ਦੇਖੋ।

## ਸ਼ਿਓਰ ਸਟਾਰਟ ਬਾਲ ਕੇਂਦਰਾਂ ਦੀ ਵਰਤੋਂ ਕੌਣ ਕਰ ਸਕਦਾ ਹੈ?

ਤੁਸੀਂ ਕਿਸੇ ਕੇਂਦਰ ਦੀ ਵਰਤੋਂ ਕਰਨ ਦੇ ਯੋਗ ਹੋ : ਜੇ ਤੁਸੀਂ ਗਰਭਵਤੀ ਹੋ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਬੱਚਿਆਂ ਦੇ ਮਾਪੇ ਜਾਂ ਸੰਭਾਲਕ ਹੋ। ਕੇਂਦਰ, ਬਾਲਗ ਸਿੱਖਿਆ ਅਤੇ ਰੁਜ਼ਗਾਰ ਸਲਾਹ ਪ੍ਰਦਾਨ ਕਰ ਸਕਦਾ ਹੈ। ਆਪਣੇ ਖੇਤਰ ਦੇ ਕੇਂਦਰ ਦੇ ਵਿਸਥਾਰ ਅਤੇ ਇਹ ਕੀ ਪੇਸ਼ਕਸ਼ ਕਰਦਾ ਹੈ, ਬਾਰੇ ਜਾਨਣ ਲਈ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ ਨਾਲ ਸੰਪਰਕ ਕਰੋ।

## ਇਹ ਵੀ ਯਾਦ ਰੱਖੋ...

ਬੱਚੇ ਦੀ ਸੁਰੱਖਿਆ ਅਤੇ ਸਿਹਤ ਅਤੇ ਬਚਾਓ ਬਾਰੇ ਪੁੱਛੋ ਅਤੇ ਇਹ ਵੀ ਪੁੱਛੋ ਕਿ ਹਰ ਕਿਸੇ ਨੂੰ ਤੌਰ-ਤਰੀਕਿਆਂ ਤੋ ਕਿਵੇਂ ਜਾਣੂੰ ਕਰਾਇਆ ਜਾਂਦਾ ਹੈ। ਇਹ ਵੀ ਜਾਂਚ ਕਰੋ ਕਿ ਅਮਲੇ ਨੂੰ ਵਿਸ਼ੇਸ਼ ਲੋੜਾਂ ਵਾਸਤੇ ਕਿਵੇਂ ਤਿਆਰ ਕੀਤਾ ਜਾਂਦਾ ਹੈ। ਜੇ ਤੁਹਾਡਾ ਬੱਚਾ ਬਿਮਾਰ ਹੋ ਜਾਵੇ ਤਾਂ ਕੀ ਵਾਪਰਦਾ ਹੈ (ਸੰਕਟਕਾਲੀਨ ਪ੍ਰਕਿਰਿਆਵਾਂ?) ਅਤੇ ਕੀ ਉਹਨਾਂ ਕੋਲ ਨਵੀਨਤਮ ਮੁੱਢਲੀ ਸਹਾਇਤਾ ਸਰਟੀਫਿਕੇਟ ਹਨ?

ਚਾਰਦੀਵਾਰੀ ਦੇ ਇੱਧਰ ਉੱਧਰ ਇਹ ਜਾਨਣ ਲਈ ਦੇਖੋ ਕਿ ਇਹ ਰਹਿਣ ਲਈ ਸੁਰੱਖਿਅਤ ਅਤੇ ਉਤਸ਼ਾਹ-ਵਰਧਕ ਜਗ੍ਹਾ ਹੈ।

## ਹੋਰ ਵਧੇਰੇ ਜਾਣੋ...

ਇਹ ਜਾਨਣ ਲਈ ਕਿ ਕੀ ਤੁਹਾਡੇ ਖੇਤਰ ਵਿੱਚ ਕੋਈ ਕੇਂਦਰ ਖੁੱਲ੍ਹ ਗਿਆ ਹੈ ਜਾਂ ਕਿਸੇ ਢੁਕਵੇਂ ਬਦਲ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਨੂੰ ਚਾਈਲਡਕੇਅਰਲਿੰਕ ਮੁਫ਼ਤਫ਼ੋਨ ਰਾਹੀਂ **0800 096 02 96** ਤੇ ਸੰਪਰਕ ਕਰੋ।

ਸ਼ਿਓਰ ਸਟਾਰਟ ਬਾਲ ਕੇਂਦਰਾਂ ਬਾਰੇ ਵਧੇਰੇ ਵਿਸਥਾਰ ਜਾਨਣ ਲਈ ਦੇਖੋ
www.surestart.gov.uk/surestartservices/childrenscentres/

## ਸਕੂਲ ਆਧਾਰਿਤ ਬਾਲ ਸੰਭਾਲ

### ਤੱਥ

• ਕਈ ਸਕੂਲ ਆਮ ਸਕੂਲ ਦਿਨ ਤੋਂ ਬਿਨਾਂ ਬਹੁਤ ਸਾਰੀਆਂ ਵੰਨ ਸੁਵੰਨੀਆਂ ਕਿਰਿਆਵਾਂ ਦੀ ਪੇਸ਼ਕਸ਼ ਕਰਦੇ ਹਨ। ਇਹਨਾਂ ਵਿੱਚ ਸ਼ਾਮਲ ਹੈ ਰਸਮੀ ਬਾਲ ਸੰਭਾਲ ਤੋਂ ਲੈ ਕੇ ਹੋਰ ਕਿਰਿਆਵਾਂ ਜਿਵੇਂ ਕਿ ਸੰਗੀਤ, ਕਲਾ, ਖੇਡਾਂ ਜਾਂ ਵਾਧੂ ਪੜ੍ਹਾਈ ਸਹਾਇਤਾ। ਸਿੱਟੇ ਵਜੋਂ ਸਕੂਲ ਅਕਸਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ, ਏਥੋਂ ਤੱਕ ਕਿ ਛੁੱਟੀਆਂ ਵਿੱਚ ਵੀ।

• ਤੁਹਾਡੇ ਕੰਮ ਕਰਨ ਦੇ ਘੰਟਿਆਂ ਦੇ ਹਿਸਾਬ ਨਾਲ, ਤੁਸੀਂ ਨਾਸ਼ਤਾ ਕਲੱਬਾਂ (ਆਮ ਤੌਰ ਤੇ 8 ਵਜੇ ਸਵੇਰੇ ਖੁੱਲ੍ਹਦੀਆਂ ਹਨ), ਬਾਅਦ-ਸਕੂਲ ਕਲੱਬਾਂ (ਵਿਸ਼ੇਸ਼ ਤੌਰ ਤੇ 3:30 ਦੁਪਹਿਰ ਤੋਂ ਲੈਕੇ ਸ਼ਾਮ 6 ਵਜੇ ਤੱਕ) ਅਤੇ ਛੁੱਟੀ ਖੇਡ ਸਕੀਮਾਂ (8 ਵਜੇ ਸਵੇਰੇ ਤੋਂ ਲੈਕੇ ਸ਼ਾਮ 6 ਵਜੇ ਤੱਕ) ਜਿਹੜੀਆਂ ਕਿ ਟਰਮ ਸਮੇਂ ਤੋਂ ਬਾਹਰ ਚਲਦੀਆਂ ਹਨ, ਦੇ ਸੁਮੇਲ ਦੀ ਚੋਣ ਕਰ ਸਕਦੇ ਹੋ।

• ਇਸਦਾ ਇਹ ਮਤਲਬ ਨਹੀਂ ਹੈ ਕਿ ਬੱਚਿਆਂ ਨੂੰ ਲੰਬੇ ਸਮੇਂ ਤੱਕ ਪੜ੍ਹਦੇ ਰਹਿਣਾ ਪਵੇਗਾ ਜਾਂ ਅਧਿਆਪਕਾਂ ਨੂੰ ਵਾਧੂ ਘੰਟੇ ਲਗਾਉਣੇ ਪੈਣਗੇ। ਕੁਝ ਸਕੂਲ ਬਾਲ ਸੰਭਾਲ ਦਾ ਪ੍ਰਬੰਧਨ ਆਪਣੇ ਆਪ ਕਰਦੇ ਹਨ। ਪਰ ਬਾਕੀ ਸਥਾਨਕ ਸਵੈ-ਸੇਵੀ ਗਰੁੱਪਾਂ, ਨਿੱਜੀ ਪ੍ਰਦਾਨਕਾਂ ਅਤੇ ਬਾਲ ਸੰਭਾਲਕਾਂ ਨਾਲ ਕੰਮ ਕਰਨਗੇ, ਜਿਹੜੇ ਕਿ ਅਮਲਾ ਅਤੇ ਸੁਵਿਧਾਵਾਂ ਵੀ ਪ੍ਰਦਾਨ ਕਰਨਗੇ।

• ਸਕੂਲ ਤੋਂ ਬਾਹਰੀ ਕਲੱਬਾਂ ਅਤੇ ਕੇਦਰ ਸਕੂਲੀ ਦਿਨ ਤੋਂ ਬਾਅਦ ਬੱਚਿਆਂ ਵਾਸਤੇ ਕਿਰਿਆਵਾਂ ਵੀ ਪ੍ਰਦਾਨ ਕਰਦੇ ਹਨ। ਅਕਸਰ ਇਹ ਸਕੂਲ ਦੇ ਸਥਾਨ ਤੇ ਹੀ ਆਧਾਰਿਤ ਹੁੰਦੀਆਂ ਹਨ ਪਰ ਇਹ ਯੁਵਕ ਕਲੱਬਾਂ, ਭਾਈਚਾਰਕ ਕੇਂਦਰਾਂ ਅਤੇ ਨਰਸਰੀਆਂ ਵਿੱਚ ਵੀ ਹੋ ਸਕਦੀਆਂ ਹਨ।

• ਸਰਕਾਰ ਚਾਹੁੰਦੀ ਹੈ ਕਿ 2010 ਤੱਕ ਸਾਰੇ ਸਕੂਲ ਵਾਧੂ ਕਿਰਿਆਵਾਂ ਮੁਹੱਈਆ ਕਰਾਉਣ ਤਾਂਕਿ ਦੇਸ਼ ਭਰ ਵਿੱਚ ਬੱਚਿਆਂ ਅਤੇ ਮਾਪਿਆਂ ਨੂੰ ਲਾਭ ਮਿਲੇ। ਹੋਰਨਾਂ ਕਿਰਿਆਵਾਂ ਦੇ ਨਾਲ ਨਾਲ ਬਾਲ ਸੰਭਾਲ ਘੱਟੋ ਘੱਟ 8 ਵਜੇ ਸਵੇਰ ਤੋ ਲੈਕੇ ਸ਼ਾਮ 6 ਵਜੇ ਤੱਕ ਸਕੂਲੀ ਦਿਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਤੇ ਛੁੱਟੀਆਂ ਵਿੱਚ ਉਪਲਬਧ ਹੋਵੇਗੀ (ਸਾਲ ਵਿੱਚ 48 ਹਫ਼ਤਿਆਂ ਵਾਸਤੇ)।

### ਕੀ ਇਹ ਮੇਰੇ ਵਾਸਤੇ ਹੈ?

• ਮੈਂ ਸਕੂਲ ਅਤੇ ਕੰਮ ਦੇ ਘੰਟਿਆਂ ਵਿਚਲੇ ਬੇਹੂਦਾ ਪਾੜੇ ਨੂੰ ਭਰਨ ਵਾਸਤੇ ਦੇਖ ਰਿਹਾ ਹਾਂ

• ਇਹ ਮੇਰੇ ਵਾਸਤੇ ਇੱਕ ਪੁੱਗਣਯੋਗ ਚੌਣਕਤਾ ਹੈ

• ਮੇਰਾ ਬੱਚਾ ਨਵੇਂ ਦੋਸਤਾਂ ਨਾਲ ਖੇਡਣ ਦੇ ਮੌਕੇ ਨੂੰ ਪਸੰਦ ਕਰੇਗਾ

• ਮੈਂ ਚਾਹੁੰਦਾ ਹਾਂ ਕਿ ਮੈਂ ਆਪਣੇ ਬੱਚੇ ਨੂੰ ਬੱਸ ਇੱਕ ਵਾਰ 'ਉਤਾਰਾਂ' ਅਤੇ ਮੇਰਾ ਬੱਚਾ ਉਸ ਜਗ੍ਹਾ ਤੇ ਹੋਵੇ ਜਿੱਥੇ ਰਹਿਣ ਦਾ ਉਹ ਆਦੀ ਹੈ

• ਛੁੱਟੀਆਂ ਦੌਰਾਨ ਮੇਰੀ ਜਗ੍ਹਾ ਲੈਣ ਵਾਲਾ ਕੋਈ ਨਹੀਂ ਹੈ

• ਮੈਂ ਖੁਸ਼ ਹਾਂ ਕਿ ਓਥੇ ਵੱਡੇ ਬੱਚੇ ਵੀ ਹੋਣਗੇ

• ਮੈਨੂੰ ਕੰਮ ਤੇ ਜਲਦੀ ਜਾਣਾ ਪੈਂਦਾ ਹੈ

### ਮੈਨੂੰ ਉੱਚ ਗੁਣਵਤਾ ਦੀ ਸੰਭਾਲ ਦਾ ਯਕੀਨ ਕਿਵੇਂ ਹੋ ਸਕਦਾ ਹੈ?

ਸਕੂਲ ਆਧਾਰਿਤ ਬਾਲ ਸੰਭਾਲ ਪ੍ਰਦਾਨ ਕਰਨ ਵਾਲੇ ਸਾਰੇ ਸਕੂਲ ਆਫਸਟੈਂਡ (Ofsted) ਕੋਲ ਪੰਜੀਕਿਰਤ ਹੁੰਦੇ ਹਨ ਅਤੇ ਆਫਸਟੈਂਡ ਵੱਲੋਂ ਇਹਨਾਂ ਦੀ ਜਾਂਚ ਕੀਤੀ ਜਾਂਦੀ ਹੈ, ਜਿਵੇਂ ਕਿ ਸਕੂਲ ਤੋਂ ਬਾਹਰੀ ਕਲੱਬਾਂ ਦੀ, ਜੇਕਰ ਬੱਚੇ ਅੱਠ ਸਾਲਾਂ ਤੋਂ ਘੱਟ ਉਮਰ ਦੇ ਹਨ ਅਤੇ ਜੇਕਰ ਕਲੱਬ ਦਿਨ ਵਿੱਚ ਦੋ ਘੰਟਿਆਂ ਤੋਂ ਜ਼ਿਆਦਾ, ਸਾਲ ਵਿੱਚ ਛੇ ਜਾਂ ਜਿਆਦਾ ਦਿਨਾਂ ਵਾਸਤੇ ਖੁੱਲ੍ਹੀ ਰਹਿੰਦੀ ਹੈ।

### ਇਹ ਮੈਨੂੰ ਕਿੰਨਾ ਕੁ ਮਹਿੰਗਾ ਪਵੇਗਾ?

ਪੇਸ਼ਕਸ਼ ਕੀਤੀ ਜਾ ਰਹੀ ਬਾਲ ਸੰਭਾਲ ਦੀ ਕਿਸਮ ਅਤੇ ਤੁਹਾਡੇ ਸਥਾਨਕ ਖੇਤਰ ਵਿੱਚ ਫੰਡਾਂ ਰਾਹੀ ਸਹਾਇਤਾ ਇਹ ਨਿਰਧਾਰਤ ਕਰੇਗੀ ਕਿ ਇਹ ਕਿੰਨਾ ਕੁ ਮਹਿੰਗਾ ਪੈਂਦਾ ਹੈ। ਔਸਤਨ, ਕਿਸੇ ਬਾਅਦ ਸਕੂਲ ਕਲੱਬ ਸਥਾਨ ਵਾਸਤੇ ਪ੍ਰਤੀ ਦਿਨ 5-10 ਪੌਂਡ, ਕਿਸੇ ਨਾਸ਼ਤਾ ਕਲੱਬ ਵਾਸਤੇ 1 ਪੌਂਡ, ਅਤੇ ਕਿਸੇ ਛੁੱਟੀ ਸਥਾਨ ਵਾਸਤੇ ਲੱਗਭਗ 15 ਪੌਂਡ ਪ੍ਰਤੀ ਦਿਨ ਜਾਂ 75 ਪੌਂਡ ਪ੍ਰਤੀ ਹਫਤਾ ਦੇਣ ਦੀ ਉਮੀਦ ਕਰੋ। ਨਿੱਜੀ ਤੌਰ ਤੇ ਚਲਾਈਆਂ ਜਾਣ ਵਾਲੀਆਂ ਛੁੱਟੀ ਖੇਡ ਸਕੀਮਾਂ ਜ਼ਿਆਦਾ ਮਹਿੰਗੀਆਂ ਹੁੰਦੀਆਂ ਹਨ - ਲੱਗਭਗ 150 ਪੌਂਡ ਪ੍ਰਤੀ ਹਫ਼ਤਾ।

***ਨੁਕਤਾ (TIP) :*** ਅੱਠ ਜਾਂ ਜ਼ਿਆਦਾ ਸਾਲਾਂ ਦੇ ਬੱਚਿਆਂ ਵਾਸਤੇ ਸੇਵਾਵਾਂ ਪ੍ਰਦਾਨ ਕਰ ਰਹੀਆਂ ਕਲੱਬਾਂ ਪੰਜੀਕਿਰਤ ਨਹੀਂ ਹੁੰਦੀਆਂ ਪਰ ਬਹੁਤ ਸਾਰੀਆਂ ਕਲੱਬਾਂ ਦੀ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਕਿਸੇ ਸਕੀਮ ਵੱਲੋਂ 'ਗੁਣਵਤਾ ਯਕੀਨੀ' ਬਣਾਈ ਜਾਵੇਗੀ। ਖੇਡ-ਕਾਰਕੁੰਨ ਜੇਕਰ ਪੰਜੀਕਿਰਤ ਹਨ ਤਾਂ ਉਹ ਮਾਨਤਾ ਪ੍ਰਾਪਤ ਹੋਣਗੇ, ਅਤੇ ਅਮਲੇ ਵਿੱਚੋਂ ਘੱਟੋ ਘੱਟ ਅੱਧੇ ਸਿਖਲਾਈ / ਯੋਗਤਾ ਪ੍ਰਾਪਤ ਹੋਣਗੇ।

## ਸਕੂਲ ਤੋਂ ਬਾਹਰੀ ਬਾਲ ਸੰਭਾਲ ਬਾਰੇ ਪੁੱਛੇ ਜਾਣ ਵਾਲੇ ਪ੍ਰਸ਼ਨ

ਬੱਚੇ ਕੀ ਕਰਦੇ ਹਨ?

ਕੀ ਓਥੇ ਕਲਾ, ਖੇਡਾਂ ਅਤੇ ਸੰਗੀਤ ਵਰਗੀਆਂ ਕਿਰਿਆਵਾਂ ਹੁੰਦੀਆਂ ਹਨ?

ਉਹਨਾਂ ਦੀ ਨਿਗਰਾਨੀ ਕਿਵੇਂ ਕੀਤੀ ਜਾਂਦੀ ਹੈ?

ਉਹਨਾਂ ਨੂੰ ਕਿੰਨਾ ਕੁ ਵਿਅਕਤੀਗਤ ਧਿਆਨ ਮਿਲਦਾ ਹੈ?

ਕੀ ਉਹ ਹੋਮਵਰਕ ਸੁਵਿਧਾਵਾਂ ਦੀ ਪੇਸ਼ਕਸ਼ ਕਰਦੇ ਹਨ?

ਆਗੂ ਕੌਣ ਹੈ? ਅਤੇ ਉਹਨਾਂ ਕੋਲ (ਅਤੇ ਹੋਰ ਅਮਲੇ ਕੋਲ) ਕਿਸ ਕਿਸਮ ਦੀਆਂ ਯੋਗਤਾਵਾਂ ਅਤੇ ਤਜ਼ਰਬਾ ਹੈ? ਉਹਨਾਂ ਨੂੰ ਮਿਲਣ ਅਤੇ ਗੱਲਬਾਤ ਕਰਨ ਦਾ ਪ੍ਰਬੰਧ ਕਰੋ।

ਕੀ ਅਮਲਾ ਮੁੱਢਲੀ ਸਹਾਇਤਾ ਵਿੱਚ ਸਿਖਲਾਈ ਪ੍ਰਾਪਤ ਹੈ?

ਕੀ ਛੋਟੇ ਬੱਚਿਆਂ ਵਾਸਤੇ ਅਲੱਗ ਸ਼ੈਕਸ਼ਨ ਹੈ? ਕੁਝ ਬੱਚੇ ਵੱਡੇ ਬੱਚਿਆਂ ਦੇ ਵੱਡੇ ਗਰੁੱਪ ਵਿੱਚ ਨਹੀਂ ਠਹਿਰ ਸਕਦੇ।

ਕਿਸੇ ਸ਼ਾਂਤ ਖੇਤਰ ਬਾਰੇ ਕੀ ਖਿਆਲ ਹੈ ਜਿੱਥੇ ਸਾਰੇ ਬੱਚੇ ਆਰਾਮ ਕਰ ਸਕਦੇ ਹੋਣ?

ਕੀ ਮੈਂ ਦੇਖ ਸਕਦਾ ਹਾਂ ਕਿ ਸੁੱਰਖਿਆ ਅਤੇ ਅੰਦਰ ਆਉਣ ਸਮੇਂ ਦਸਤਖਤ ਕੀਤੇ ਜਾਣ ਵਾਲੀ ਕਿਤਾਬ ਕਿਵੇਂ ਕੰਮ ਕਰਦੀ ਹੈ?

ਜੇਕਰ (ਸਕੂਲ ਤੋਂ ਬਾਹਰੀ ਸੰਭਾਲ) ਨਿੱਜੀ ਹੈ, ਤਾਂ ਅਦਾਇਗੀ ਕਰਨ ਵਾਸਤੇ ਕੀ ਪ੍ਰਬੰਧ ਹਨ?

**ਹੋਰ ਵਧੇਰੇ ਜਾਣੋ...**ਤੁਹਾਡੇ ਖੇਤਰ ਵਿੱਚ ਸਕੂਲ ਆਧਾਰਿਤ ਬਾਲ ਸੰਭਾਲ, ਸਕੂਲ ਤੋਂ ਬਾਹਰੀ ਅਤੇ ਛੁੱਟੀ ਕਲੱਬਾਂ ਬਾਰੇ ਜਾਣਕਾਰੀ ਲੈਣ ਲਈ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ ਨੂੰ ਚਾਈਲਡਕੇਅਰਲਿੰਕ ਰਾਹੀਂ **0800 096 02 96** ਤੇ ਜਾਂ ਫਾਰਚਿਲਡਰਨ (4Children) ਨੂੰ **020 7512 2112** ਤੇ ਕਾਲ ਕਰੋ।

## ਚੁਣਨਾ ਅਤੇ ਪ੍ਰਬੰਧ ਕਰਨਾ (Choosing and arranging)

ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਢੁਕਵੀਂ ਬਾਲ ਸੰਭਾਲ ਦੀ ਚੋਣ ਕਰਨਾ ਮਹੱਤਵਪੂਰਨ ਹੈ, ਖਾਸ ਕਰਕੇ ਓਦੋਂ ਜਦੋਂ ਬਹੁਤ ਕੁਝ ਵਿਚਾਰਨਯੋਗ ਹੈ
- ਜਗ੍ਹਾ ਕਿਹੋ ਜਹੀ ਹੈ, ਕੀ ਤੁਹਾਡਾ ਬੱਚਾ ਸੱਚਮੁੱਚ ਓਥੇ ਰਹਿਣਾ ਪਸੰਦ ਕਰੇਗਾ? ਤੁਹਾਡੇ ਖੇਤਰ ਵਿੱਚ ਵੱਖੋ ਵੱਖਰੇ ਚੌਨੁਕਤੇ ਉਪਲਬਧ ਹੋਣਗੇ - ਮਹੱਤਵਪੂਰਨ ਗੱਲ ਇਹ ਹੈ ਕਿ ਇਹਨਾਂ (ਚੌਨੁਕਤਿਆਂ) ਦੀ ਖੋਜ ਕਰਨ ਲਈ ਆਪਣੇ ਆਪ ਕਾਫੀ ਸਾਰਾ ਸਮਾਂ ਦਿਓ।

ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ (CIS) (ਹੇਠਾਂ ਦੇਖੋ) ਤੋਂ ਸਾਰੇ ਪੰਜੀਕਿਰਤ ਬਾਲ ਸੰਭਾਲਕਾਂ ਦੀ ਸੂਚੀ ਬਣਾਓ ਅਤੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਇੱਕ ਸੂਚੀ ਤਿਆਰ ਰੱਖੋ ਜਦੋਂ ਤੁਸੀਂ ਸੰਭਾਵਿਤ ਬਾਲ ਸੰਭਾਲਕਾਂ ਕੋਲ ਜਾਂਦੇ ਹੋ - ਖੁੱਲ੍ਹਣ ਦੇ ਸਮੇਂ ਤੋਂ ਲੈਕੇ ਹਵਾਲੇ ਲੈਣ ਤੱਕ ਸਭ ਕੁਝ। ਜਰੂਰੀ ਸੁੱਰਖਿਆ ਪੜਤਾਲਾਂ ਦੇ ਨਾਲ ਨਾਲ, ਤੁਹਾਨੂੰ ਸ਼ੁਰੂ ਕਰਨ ਵਾਸਤੇ ਸਾਡੇ ਵੱਲੋਂ ਕੁਝ ਨੁਕਤੇ ਅਤੇ ਇਹ ਯਕੀਨੀ ਕਿਵੇਂ ਯਕੀਨੀ ਬਣਾਉਣਾ ਹੈ ਕਿ ਤੁਹਾਡੇ ਅਤੇ ਤੁਹਾਡੇ ਨੰਨੇ-ਮੁੰਨੇ ਵਾਸਤੇ ਬਦਲਾਓ ਬਿਨਾਂ ਰੋਕਟੋਕ ਹੁੰਦਾ ਹੈ, ਇਹ ਹਨ।

**ਜਿਆਦਾ ਜਾਣਕਾਰੀ ਵਾਸਤੇ...**ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਦੇ ਸੰਪਰਕ ਵਿਸਥਾਰ ਜਾਨਣ ਲਈ ਚਾਈਲਡਕੇਅਰਲਿੰਕ ਨੂੰ **0800 096 02 96** ਤੇ ਕਾਲ ਕਰੋ ਜਿਹੜੀ ਕਿ ਸਥਾਨਕ ਅਤੇ ਪੰਜੀਕਿਰਤ ਬਾਲ ਸੰਭਾਲ ਸੇਵਾਵਾਂ ਦੀ ਸੂਚੀ ਪ੍ਰਦਾਨ ਕਰ ਸਕਦੀ ਹੈ। ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਦੀਆਂ ਪੜਤਾਲ-ਸੂਚੀਆਂ ਵਾਸਤੇ ਦੇਖੋ **www.surestart.gov.uk/lookingforchildcare**

**ਬਾਲ ਸੰਭਾਲ ਦੀ ਚੋਣ ਕਰਨ ਅਤੇ ਪ੍ਰਬੰਧ ਕਰਨ ਵਿੱਚ ਕੁਝ ਕਰਨਯੋਗ ਅਤੇ ਨਾ ਕਰਨਯੋਗ ਗੱਲਾਂ**

ਇਸਨੂੰ ਆਖਰੀ ਮਿੰਟ ਤੱਕ **ਨਾ** ਛੱਡੋ। ਭਾਵੇਂ ਤੁਸੀਂ ਅਜੇ ਬਾਲਸੰਭਾਲ ਵਾਸਤੇ ਤਿਆਰ ਨਹੀਂ ਵੀ ਹੋ ਤਾਂ ਵੀ ਆਪਣੀ ਚੋਣ ਕਰਨ ਵਾਸਤੇ ਆਪਣੇ ਆਪ ਨੂੰ ਕਾਫੀ ਸਾਰਾ ਸਮਾਂ ਦਿਓ। ਜੇ ਇਹ ਕਾਫੀ ਮਸ਼ਹੂਰ ਹੈ ਤਾਂ ਲੰਬੀਆਂ ਉਡੀਕ ਸੂਚੀਆਂ ਦੀ ਉਮੀਦ ਕਰੋ; ਕਿਸੇ ਨੈਨੀ ਜਾਂ ਘਰੇਲੂ ਸੰਭਾਲਕ ਦੀ ਇੰਟਰਵਿਊ ਲੈਣ ਅਤੇ ਕੰਮ ਤੇ ਰੱਖਣ ਨੂੰ ਮਹੀਨੇ ਲੱਗ ਸਕਦੇ ਹਨ।

ਚੌਣਕਤਿਆਂ ਦੀ ਖੋਜ **ਜ਼ਰੂਰ** ਕਰੋ। ਆਪਣੇ ਭਾਈਚਾਰੇ ਵਿੱਚ ਪੰਜੀਕਿਰਤ ਬਾਲ ਸੰਭਾਲ ਦੀ ਸੂਚੀ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ (CIS) ਨੂੰ ਕਾਲ ਕਰੋ - ਸੰਪਰਕ ਵਿਸਥਾਰਾਂ ਵਾਸਤੇ ਪਿਛਲੇ ਪਾਸੇ ਦੇਖੋ। ਮੁੱਢਲੀਆਂ ਜਰੂਰਤਾਂ ਨੂੰ ਸੰਖੇਪ ਵਿੱਚ ਲਿਖ ਲਓ ਉਦਾਹਰਨ ਦੇ ਲਈ ਖੁੱਲਣ ਦਾ ਸਮਾਂ, ਖਰਚੇ, ਸਥਿਤੀ ਅਤੇ ਇਹਨਾਂ ਨੂੰ ਆਪਣੇ ਪਹਿਲੇ ਪ੍ਰਸ਼ਨ ਬਣਾਓ ਜਦੋਂ ਕਿ ਤੁਸੀਂ ਫੋਨ ਕਰਦੇ ਹੋ। ਤੁਸੀਂ ਤੁਰੰਤ ਹੀ ਉਹਨਾਂ ਵਿੱਚੋਂ ਕਈਆਂ ਦੀ ਛਾਂਟੀ ਕਰ ਦੇਵੋਂਗੇ।

ਆਪਣੇ ਬੱਚੇ ਦੀ ਉਮਰ ਅਤੇ ਸ਼ਖਸ਼ੀਅਤ ਬਾਰੇ **ਜਰੂਰ** ਸੋਚੋ (ਦੇਖੋ ਪੰਨਾ 12)। ਜਦੋਂ ਗੱਲ ਬਹੁਤ ਛੋਟੇ ਬੱਚਿਆਂ ਅਤੇ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਆਉਂਦੀ ਹੈ, ਜਿੰਨ੍ਹਾਂ ਨੂੰ ਕੱਲੇ ਨਾਲ ਕੱਲੇ ਰਿਸ਼ਤੇ ਦੀ ਲੋੜ ਹੁੰਦੀ ਹੈ, ਤਾਂ ਇਹ ਖਾਸ ਤੌਰ ਤੇ ਸਲਾਹ ਦੇਣ-ਯੋਗ ਹੈ। ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਜ਼ਿਆਦਾ ਚੰਗੀ ਤਰਾਂ ਜਾਣਦੇ ਹੋ ਇਸ ਕਰਕੇ ਆਪਣੀਆਂ ਆਂਦਰਾਂ ਦੀ ਅੰਤਰ ਪ੍ਰੇਰਨਾ ਨੂੰ ਵੀ ਦਿਮਾਗ ਵਿੱਚ ਰੱਖੋ।

ਸਾਰੇ ਪਾਸੇ ਘੁੰਮ ਕੇ ਦੇਖੋ। ਸੰਭਾਲਕ ਨੂੰ ਮਿਲਣ ਅਤੇ ਇਹ ਤੁਲਨਾ ਕਰਨ ਵਾਸਤੇ ਕੀ ਕੁਝ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਘੱਟੋ ਘੱਟ ਦੋ ਜਾਂ ਤਿੰਨ ਸਥਾਨਾਂ ਤੇ **ਜਰੂਰ** ਜਾਓ। ਰਸਮੀ ਮੁਲਕਾਤ ਉਸ ਸਮੇਂ ਕਰੋ ਜਦੋਂ ਤੁਸੀਂ ਦੇਖ ਸਕਦੇ ਹੋਵੋਂ ਕਿ ਬੱਚੇ ਕਿਵੇਂ ਵਿਵਹਾਰ ਕਰਦੇ ਹਨ, ਅਤੇ ਪਹਿਲਾਂ ਤੋਂ ਤਿਆਰ ਪ੍ਰਸ਼ਨਾਂ ਦੀ ਇੱਕ ਸੂਚੀ ਲੈਕੇ ਜਾਓ – ਕੁਝ ਉਦਾਹਰਨਾਂ ਲਈ ਹੇਠਲਾ ਪੰਨਾ ਦੇਖੋ। ਜਿੱਥੇ ਸੰਭਵ ਹੋਵੇ (ਉਦਾਹਰਨ ਲਈ, ਨਰਸਰੀਆਂ ਵਿੱਚ) ਅਣਪਟੱਕੇ ਇਹ ਦੇਖਣ ਲਈ ਪਹੁੰਚ ਜਾਓ ਕਿ ਓਥੇ ਅਸਲ ਵਿੱਚ ਕੀ ਹੋ ਰਿਹਾ ਹੈ।

ਸੰਭਾਲ ਦਾ ਸੁਮੇਲ ਕਰਨ ਨੂੰ ਰੱਦ **ਨਾ** ਕਰੋ। ਜੇਕਰ ਖੇਡ ਗਰੁੱਪ, ਨਰਸਰੀਆਂ ਆਦਿ ਤੁਹਾਨੂੰ ਹਫਤੇ ਵਿੱਚ ਪੰਜ ਦਿਨਾਂ ਦੀ ਸੰਭਾਲ ਨਹੀਂ ਪ੍ਰਦਾਨ ਕਰ ਸਕਦੇ ਤਾਂ ਆਪਣੀ ਸੰਭਾਲ ਨੂੰ ਰਲ-ਗੱਡ ਕਰਨ ਬਾਰੇ ਸੋਚੋ ਉਦਾਹਰਨ ਲਈ ਨਰਸਰੀ (ਦੋ ਦਿਨ) ਅਤੇ ਬਾਲ ਸੰਭਾਲਕ / ਸਾਂਝੀ ਨੈਨੀ (ਤਿੰਨ ਦਿਨ)।

ਹਵਾਲਿਆਂ ਨੂੰ ਲਾਜ਼ਮੀ ਤੌਰ ਤੇ ਚੈੱਕ ਕਰੋ। ਇਹ ਮਹੱਤਵਪੂਰਨ ਹੈ। ਜਿਆਦਾਤਰ ਸੰਭਾਲਕ (ਸਮੇਤ ਨਰਸਰੀਆਂ, ਪਹਿਲ ਸਕੂਲ ਆਦਿ) ਤੁਹਾਨੂੰ ਹੋਰਨਾਂ ਮਾਪਿਆਂ ਦੇ ਪਤੇ ਦੇਕੇ ਖੁਸ਼ ਹੋਣਗੇ ਤਾਂਕਿ ਤੁਸੀਂ ਉਹਨਾਂ ਦੇ ਕੰਮ ਬਾਰੇ ਗੱਲਬਾਤ ਕਰ ਸਕੋ, ਇਸ ਕਰਕੇ ਮਨ ਦੇ ਚੈਨ ਵਾਸਤੇ ਹਵਾਲੇ ਲਓ।

ਦੁਬਾਰਾ ਪੜਤਾਲ ਕਰਨ ਵਿੱਚ ਦੋਸ਼ੀ ਮਹਿਸੂਸ **ਨਾ** ਕਰੋ। ਇੱਕ ਵਾਰ ਜਦੋਂ ਤੁਸੀਂ ਆਪਣੀਆਂ ਚੋਣਾਂ ਦਾ ਘੇਰਾ ਤੰਗ ਕਰ ਲਿਆ ਹੈ ਤਾਂ ਦੂਜੀ ਜਾਂ ਤੀਜੀ ਵਾਰ ਦੇਖਣ ਵਾਸਤੇ ਫਿਰ ਜਾਓ। ਇਸ ਨਾਲ ਤੁਹਾਨੂੰ ਇਹ ਤਸਦੀਕ ਕਰਨ ਨੂੰ ਸਮਾਂ ਮਿਲਦਾ ਹੈ ਕਿ ਉਹ ਤੁਹਾਡੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦੇ ਹਨ। ਕੁਝ ਸੰਭਾਲਕ ਰਸਮੀ ਸਹਿਮਤੀ ਤੋਂ ਪਹਿਲਾਂ ਅਜਮਾਇਸ਼ੀ ਤੌਰ ਤੇ ਸੇਵਾਵਾਂ ਪ੍ਰਦਾਨ ਕਰਨ ਲਈ ਵੀ ਸਹਿਮਤ ਹੋਣਗੇ ਤਾਂਕਿ ਇਹ ਦੇਖਿਆ ਜਾ ਸਕੇ ਕਿ ਇਹ ਕਿਵੇਂ ਚਲਦਾ ਹੈ।

ਇੱਕ ਵਾਰ ਜਦੋਂ ਫੈਸਲਾ ਕਰ ਲਿਆ ਜਾਵੇ ਤਾਂ ਸਭ ਕੁਝ **ਲਾਜ਼ਮੀ ਤੌਰ ਤੇ** ਲਿਖਤੀ ਰੂਪ ਵਿੱਚ ਕਰੋ। ਨਰਸਰੀਆਂ ਤੁਹਾਨੂੰ ਇੱਕ ਇਕਰਾਰਨਾਮਾ / ਪੱਤਰ ਦਸਤਖਤ ਕਰਨ ਵਾਸਤੇ ਕਹਿਣਗੀਆਂ, ਜਿਸ ਵਿੱਚ ਖਰਚੇ, ਨਿਯਮ, ਘੰਟੇ ਆਦਿ ਦਰਸਾਏ ਹੋਣਗੇ। ਦਸਤਖਤ ਕਰਨ ਤੋਂ ਪਹਿਲਾਂ ਇਸਨੂੰ ਧਿਆਨ ਨਾਲ ਪੜ੍ਹੋ। ਬਾਲ ਸੰਭਾਲਕਾਂ ਅਤੇ ਨੈਨੀਆਂ ਵਾਸਤੇ ਤੁਹਾਨੂੰ ਇਕਰਾਰਨਾਮੇ ਪ੍ਰਦਾਨ ਕਰਨੇ ਚਾਹੀਦੇ ਹਨ। ਇਸ ਬਾਰੇ ਜਿਆਦਾ ਜਾਨਣ ਲਈ ਹੇਠਲਾ ਪੰਨਾ ਦੇਖੋ।

**ਆਪਣੇ ਖੇਤਰ ਵਿੱਚ ਬਾਲ ਸੰਭਾਲ ਦੀ ਭਾਲ ਕਰਨੀ...**ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ (CIS), ਜਿਸ ਕੋਲ ਕਿ ਸਥਾਨਕ ਅਤੇ ਪੰਜੀਕਿਰਤ ਬਾਲ ਸੰਭਾਲ ਅਤੇ ਸ਼ੁਰੂਆਤੀ ਸਾਲਾਂ ਦੀਆਂ ਸੇਵਾਵਾਂ ਦੀ ਨਵੀਨਤਮ ਸੂਚੀ ਹੁੰਦੀ ਹੈ, ਦੇ ਪਤੇ ਅਤੇ ਫੋਨ ਨੰਬਰ ਵਾਸਤੇ, ਚਾਈਲਡਕੇਅਰਲਿੰਕ ਨੂੰ ਮੁਫ਼ਤਫ਼ੋਨ **0800 096 02 96** ਤੇ ਕਾਲ ਕਰੋ। ਜਾਂ ਦੇਖੋ ਵੈੱਬਸਾਈਟ **www.childcarelink.gov.uk**

**ਕੀ ਦੇਖਿਆ ਜਾਵੇ**

**ਤੁਹਾਡੀ ਪੜਤਾਲ-ਸੂਚੀ...**

***ਯੋਗਤਾਵਾਂ :*** ਸੰਭਾਲਕ / ਟੀਮ ਕੋਲ ਕਿਹੜੀ ਸਿਖਲਾਈ ਅਤੇ ਤਜ਼ਰਬਾ ਹੈ?

***ਆਲਾ-ਦੁਆਲਾ :*** ਕੀ ਹੈ ਸੁਰੱਖਿਅਤ ਹੈ, ਕੀ ਇਹ ਪਾਲਣ-ਪੋਸ਼ਣਮਈ ਲੱਗਦਾ ਹੈ, ਕੀ ਓਥੇ ਪਾਲਤੂ ਜਾਨਵਰ ਹਨ, ਕੀ ਏਥੇ ਸਿਗਰਟ-ਨੋਸ਼ੀ ਨਹੀਂ ਹੁੰਦੀ? ਜਗ੍ਹਾ ਕਾਫੀ ਹੈ?

***ਖੁਰਾਕ :*** ਭੋਜਨ ਸੂਚੀ ਵਿੱਚ ਕੀ ਹੈ? ਤਾਜ਼ੇ ਫ਼ਲ ਅਤੇ ਸ਼ਾਕਾਹਾਰੀ? ਪਾਣੀ ਤੱਕ ਪਹੁੰਚ ਜਦੋਂ ਉਹ ਚਾਹੁੰਦੇ ਹੋਣ? ਵਿਸ਼ੇਸ਼ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ?

***ਨਿਗਰਾਨੀ :*** ਕੌਣ ਨਿਗਰਾਨੀ ਕਰਦਾ ਹੈ ਅਤੇ ਕਿਵੇਂ? ਅਮਲੇ ਅਤੇ ਬੱਚਿਆਂ ਦਾ ਅਨੁਪਾਤ?

***ਭਾਵੁਕ ਸੰਭਾਲ :*** ਰੋਜ਼ਾਨਾ ਰੁਝੇਵੇਂ ਕੀ ਹਨ? ਮੁਸ਼ਕਿਲ ਵਰਤਾਓ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ? ਇੱਕ ਲਿਖਤੀ ਨੀਤੀ ਹੋਣੀ ਚਾਹੀਦੀ ਹੈ। ਕੀ ਅਮਲਾ ਮਿਲਾਪੜਾ, ਭਾਗੇਦਾਰੀ ਲੈਣ ਵਾਲਾ, ਅਤੇ ਪਿਆਰ ਦਿਖਾ ਰਿਹਾ ਹੈ?

***ਸਾਜ-ਸਾਮਾਨ :*** ਕੀ ਇਹ ਕਿਰਿਆਤਮਕ, ਵੰਨ-ਸੁਵੰਨਾ, ਬਹੁਤ ਸਾਰਾ, ਉੱਚ ਗੁਣਵਤਾ ਦਾ ਹੈ? ਕੀ ਪ੍ਰਦਰਸ਼ਤ ਵਿਖਾਲੇ ਅਲੱਗ ਅਲੱਗ ਸੱਭਿਆਚਾਰਾਂ ਨੂੰ ਧਨਾਤਮਕ ਤਰੀਕੇ ਨਾਲ ਦਿਖਾਉਂਦੇ ਹਨ? ਸਰੀਰਕ ਕਿਰਿਆਵਾਂ ਬਾਰੇ ਕੀ ਖਿਆਲ ਹੈ? ਕੀ ਕੋਈ ਬਾਹਰੀ ਜਗ੍ਹਾ ਹੈ, ਸੁਰੱਖਿਅਤ? ਜੇ ਨਹੀਂ ਹੈ ਤਾਂ ਉਹ ਤਾਜ਼ੀ ਹਵਾ ਵਿੱਚ ਕਿੱਥੇ ਖੇਡਣਗੇ?

***ਸਿਹਤ ਸਬੰਧੀ ਆਦਤਾਂ :*** ਕੀ ਲੈਟਰੀਨਾਂ ਅਤੇ ਬੇਸਨ ਸਾਫ ਅਤੇ ਬੱਚਿਆਂ ਦੇ ਆਕਾਰ ਦੇ ਹਨ? ਅਤੇ ਲੈਟਰੀਨ ਬਿਠਾਉਣ ਦੀ ਸਿਖਲਾਈ / ਬੱਚੇ ਦੇ ਕੱਪੜੇ ਬਦਲਣ ਦੀਆਂ ਸੁਵਿਧਾਵਾਂ?

***ਉਮੀਦਾਂ :*** ਆਪਣੀਆਂ ਸਾਰੀਆਂ ਉਮੀਦਾਂ ਸਾਹਮਣੇ ਰੱਖ ਦਿਓ, ਜਿਵੇਂ ਕਿ ਕੰਮ ਦੇ ਘੰਟੇ, ਸਮੇਂ ਦੀ ਗਣਨਾ, ਖਾਣੇ ਦੀ ਤਿਆਰੀ, ਧੋਣਾ, ਬੱਚੇ ਨੂੰ ਖਿਡਾਉਣਾ। ਬੱਚੇ ਨੂੰ ਲੇਟ ਲੈ ਕੇ ਜਾਣ ਬਾਰੇ ਨੀਤੀ?

***ਬਚਾਓ :*** ਕਿਸੇ ਸੰਕਟ ਜਾਂ ਹਾਦਸੇ ਦੀ ਸੂਰਤ ਵਿੱਚ ਕੀ ਵਾਪਰਦਾ ਹੈ? ਉਹਨਾਂ ਦੀਆਂ ਬਚਾਓ ਪ੍ਰਕਿਰਿਆਵਾਂ ਕੀ ਕੀ ਹਨ?

## ਇਕਰਾਰਨਾਮੇ ਅਤੇ ਇੰਟਰਵਿਊ ਲੈਣਾ

ਤੁਹਾਡੇ ਇਕਰਾਰਨਾਮੇ ਵਿੱਚ ਕੀ ਕੀ ਸ਼ਾਮਲ ਹੋਣਾ ਚਾਹੀਦਾ ਹੈ

### ਜੇ ਤੁਸੀਂ ਦਸਤਖਤ ਕਰ ਰਹੇ ਹੋ

- ਰੋਕ ਫੀਸ ਜਾਂ ਤੁਹਾਡੇ ਬੱਚੇ ਦੀ ਜਗ੍ਹਾ ਬਚਾਕੇ ਰੱਖਣ ਵਾਸਤੇ ਜਮ੍ਹਾਂ ਕੀਤੀ ਰਕਮ
- ਤੁਹਾਡੇ ਵੱਲੋਂ ਅਦਾ ਕੀਤੀ ਜਾਂਦੀ ਰਕਮ ਅਤੇ ਇਹ ਕਿਸ ਵਾਸਤੇ ਹੈ (ਉਦਾਹਰਨ ਲਈ ਕੱਛੀਆਂ, ਭੋਜਨ, ਬਾਹਰ ਜਾਣ ਦੇ ਦਿਨ)
- ਤੁਹਾਡਾ ਬੱਚਾ ਕਿੰਨੇ ਦਿਨ / ਘੰਟਿਆਂ ਵਾਸਤੇ ਹਾਜ਼ਰੀ ਭਰੇਗਾ
- ਜੇ ਤੁਹਾਡਾ ਬੱਚਾ ਜਾਂ ਸੰਭਾਲਕ ਬਿਮਾਰ ਹੋ ਜਾਂਦਾ ਹੈ ਤਾਂ ਤੁਹਾਨੂੰ ਕਿੰਨੀ ਅਦਾਇਗੀ ਕਰਨੀ ਪੈਂਦੀ ਹੈ

### ਜੇਕਰ ਤੁਸੀਂ ਰੱਖ ਰਹੇ ਹੋ

- ਨੌਕਰੀ ਦਾ ਵਰਣਨ ਅਤੇ ਕੰਮ ਦੇ ਘੰਟੇ
- ਤਨਖਾਹ ਅਤੇ ਅਦਾਇਗੀ ਕਰਨ ਦਾ ਤਰੀਕਾ ਜਿਸਤੇ ਸਹਿਮਤੀ ਹੋਈ ਹੈ
- ਰੁਜ਼ਗਾਰ ਦੀ ਅਵਧੀ (ਉਦਾਹਰਨ ਲਈ 6 ਮਹੀਨਿਆਂ ਦਾ ਰੇੜ੍ਹ ਇਕਰਾਰਨਾਮਾ) ਅਤੇ ਨੋਟਿਸ ਮਿਆਦ
- ਬਿਮਾਰੀ / ਛੁੱਟੀ ਦੇ ਵਿਸਥਾਰ, ਖਰਚੇ
- ਨਿੱਜੀ ਵਾਧਰਿਆਂ ਨੂੰ ਜੋੜ ਦਿਓ, ਜਿਵੇਂ ਕਿ ਟੀਵੀ ਦੇਖਣ ਨੂੰ ਸੀਮਤ ਕਰਨਾ (ਉਦਾਹਰਨ ਲਈ ਹਰੇਕ ਦਿਨ ਨਹੀਂ), ਖੰਡ ਵਾਲੀਆਂ ਦਾਅਵਤਾਂ ਜਾਂ ਜੂਸਾਂ ਦੀ ਮਨਾਹੀ।

**ਇਕਰਾਰਨਾਮੇ ਬਾਰੇ ਹੋਰ ਜਾਣਕਾਰੀ ਲੈਣ ਲਈ...**ਇਕਰਾਰਨਾਮੇ ਬਾਰੇ ਜਿਆਦਾ ਜਾਣਕਾਰੀ ਜਾਂ ਕਾਨੂੰਨੀ ਸਲਾਹ ਲੈਣ ਲਈ, ਦਾ ਨੈਸ਼ਨਲ ਚਾਈਲਡਮਾਈਂਡਿੰਗ ਐਸੋਸੀਏਸ਼ਨ (The National Childminding Association) ਨੂੰ **0800 169 4486** ਤੇ ਕਾਲ ਕਰੋ ਜਾਂ ਦੇਖੋ **www.ncma.org.uk** ਜਾਂ ਵਰਕਿੰਗ ਫੈਮਲੀਜ ਹੈਲਪਲਾਈਨ ਨੂੰ **0800 013 0313** ਤੇ ਕਾਲ ਕਰੋ ਜਾਂ ਦੇਖੋ **www.workingfamilies.org.uk**

## ਇੰਟਰਵਿਊ ਲੈਣ ਸਮੇਂ ਜਾਂ ਮਿਲਣ ਜਾਂਦੇ ਸਮੇਂ...

ਸੰਭਾਵਤ ਸੰਭਾਲਕਾਂ ਦੀ ਇੰਟਰਵਿਊ ਲੈਣਾ ਅਤੇ ਬਾਲ ਸੰਭਾਲ ਕੇਂਦਰਾਂ ਤੇ ਜਾਣਾ, ਨਾਜ਼ੁਕ ਹੁੰਦਾ ਹੈ- ਇਹ ਤੁਹਾਨੂੰ ਉਹਨਾਂ ਦੇ ਪਿਤਰੀ ਅੰਦਾਜ, ਉਹ ਤੁਹਾਡੇ ਬੱਚੇ ਨੂੰ ਕਿਵੇਂ ਲੈਣਗੇ ਅਤੇ ਕਿਹੋ ਜਿਹੀ ਸਥਾਪਨਾ ਵਿੱਚ ਲੈਣਗੇ, ਬਾਰੇ ਸਭ ਤੋਂ ਵਧੀਆ ਝਲਕ ਦਿੰਦਾ ਹੈ। ਪੰਨਾ 8 ਤੇ ਸ਼ੁਰੂ ਹੋਣ ਵਾਲੇ 'ਤੁਹਾਡੇ ਚੌਨੁਕਤੇ' ਖੰਡ ਵਿੱਚ ਅਸੀਂ ਵਿਸ਼ੇਸ਼ ਕਿਸਮ ਦੇ ਸੰਭਾਲਕਾਂ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਵਰਣਨ ਕੀਤਾ ਹੈ। ਪੜਤਾਲ ਕਰਨ ਅਤੇ ਪੁੱਛਣ ਵਾਸਤੇ ਕੁਝ ਆਮ ਖੇਤਰਾਂ ਵਾਸਤੇ 'ਤੁਹਾਡੀ ਪੜਤਾਲ-ਸੂਚੀ' ਦੇ ਪਿਛਲੇ ਪਾਸੇ ਦੇਖੋ।

## ਉਹਨਾਂ ਨੂੰ ਵਸਾਉਣਾ

ਜਦੋਂ ਤੁਸੀਂ ਇੱਕ ਵਾਰ ਆਪਣੀ ਪਸੰਦ ਦੀ ਬਾਲ ਸੰਭਾਲ ਚੁਣ ਲੈਂਦੇ ਹੋ ਤਾਂ ਤੁਸੀਂ ਇਹ ਜਾਨਣਾ ਚਾਹੋਂਗੇ ਕਿ ਇਸ ਤੋਂ ਵੱਧ ਤੋਂ ਵੱਧ ਫਾਇਦਾ ਕਿਵੇਂ ਉਠਾਇਆ ਜਾਵੇ। ਤੁਹਾਡੇ ਬੱਚਾ ਚਾਹੇਗਾ ਕਿ ਉਸਨੂੰ ਮਲਕੜੇ ਜਿਹੇ ਨਵੇਂ ਰੁਟੀਨ ਵਿੱਚ ਢਾਲਿਆ ਜਾਵੇ - ਅਤੇ ਤੁਸੀਂ ਆਪਣੇ ਕੈਰੀਅਰ ਵੱਲ ਸਹੀ ਕਦਮ ਪੁੱਟਣਾ ਚਾਹੋਂਗੇ।
ਤੁਹਾਡੇ ਬੱਚੇ ਨੂੰ ਕਿਸੇ ਸੰਭਾਲਕ ਨੂੰ ਛੱਡਣਾ, ਤੁਹਾਡੇ ਅਤੇ ਤੁਹਾਡੇ ਬੱਚੇ ਦੋਨਾਂ ਵਾਸਤੇ ਇੱਕ ਵੱਡਾ ਕਦਮ ਹੈ। ਅਨੁਕੂਲ ਹੋਣ ਨੂੰ ਸਮਾਂ ਲੱਗੇਗਾ, ਪਰ ਏਥੇ ਅਸੀਂ ਦੱਸ ਰਹੇ ਹਾਂ ਕਿ ਤੁਸੀਂ ਉਹਨਾਂ ਦੀਆਂ ਬੇਚੈਨੀਆਂ ਵਿੱਚ ਕਿਵੇ ਮਦਦ ਕਰ ਸਕਦੇ ਅਤੇ ਆਰਾਮਦਾਇਕ ਮਹਿਸੂਸ ਕਰ ਸਕਦੇ ਹੋ।

• ਨਵੀਂ ਬਾਲ ਸੰਭਾਲ ਸੁਵਿਧਾ ਜਾਂ ਘਰੇਲੂ ਸੰਭਾਲਕ ਕੋਲ ਆਪਣੇ ਬੱਚੇ ਨਾਲ ਘੱਟੋ ਘੱਟ ਦੋ ਵਾਰ ਜਾਓ। ਕੰਮ ਤੇ ਵਾਪਸ ਜਾਣ ਤੋਂ ਪਹਿਲਾਂ, ਆਪਣੇ ਬੱਚੇ ਨੂੰ 30 ਮਿੰਟਾਂ ਵਾਸਤੇ ਛੱਡ ਦਿਓ ਜਦੋਂ ਕਿ ਤੁਸੀਂ ਪਿੱਠ-ਭੂਮੀ ਵਿੱਚ ਰਹਿੰਦੇ ਹੋ; ਬਾਅਦ ਵਿੱਚ 30 ਮਿੰਟਾਂ ਬਾਅਦ ਕੋਸ਼ਿਸ਼ ਕਰੋ ਜਦੋਂ ਤੁਸੀਂ ਬਲਾਕ ਵਿੱਚ ਘੁੰਮਦੇ ਫਿਰਦੇ ਹੋ। ਫੇਰ ਇੱਕ ਘੰਟੇ ਤੱਕ ਆ ਜਾਓ। ਇੱਕ ਹੋਰ ਚੌਨੁਕਤਾ : ਆਪਣੀ ਸੰਭਾਲ ਕਿਸੇ ਬੁੱਧਵਾਰ ਨੂੰ ਸ਼ੁਰੂ ਕਰੋ ਤਾਂਕਿ ਉਹਨਾਂ ਨੂੰ ਪੂਰੇ ਹਫਤੇ ਨਾਲ ਸ਼ੁਰੂਆਤ ਨਾ ਕਰਨੀ ਪਵੇ।
• ਸੰਭਾਲਕ ਨੂੰ ਵਾਗਡੋਰ ਫੜਾ ਦੇਣ ਅਤੇ ਆਪਣੇ ਬੱਚੇ ਦੀ ਮਦਦ ਕਰਨ ਦੇਣ ਦੀ ਕੋਸ਼ਿਸ਼ ਕਰੋ ਤਾਂਕਿ ਉਹ ਚੇਹਰੇ, ਆਵਾਜ਼ ਅਤੇ ਸੁਰੱਖਿਆ ਦੇ ਆਦੀ ਹੋ ਜਾਣ।
• ਰੁੜਨ ਵਾਲੇ ਬੱਚਿਆਂ ਅਤੇ ਵੱਡੇ ਬੱਚਿਆਂ ਨੂੰ ਇਸ ਗੱਲ ਲਈ ਤਿਆਰ ਕਰੋ ਕਿ ਕੀ ਉਮੀਦ ਕਰਨੀ ਹੈ। ਉਦਾਹਰਨ ਲਈ ਕੁਝ ਨਰਸਰੀਆਂ ਇਹ ਕਹਿੰਦੀਆਂ ਹਨ ਕਿ ਢੁਕਵੀਂ ਉਮਰ ਦੇ ਹੋਣ ਤੇ ਬੱਚੇ ਆਪਣੇ ਬੂਟਾਂ ਦੇ ਫੀਤੇ ਆਪ ਬੰਨ੍ਹ ਸਕਦੇ ਹਨ ਅਤੇ ਆਪਣੇ ਆਪ ਟਾਇਲਟ ਜਾ ਸਕਦੇ ਹਨ ਆਦਿ।
• ਜਦੋਂ ਤੱਕ ਤੁਹਾਡਾ ਬੱਚਾ ਆਰਾਮਦਾਇਕ ਮਹਿਸੂਸ ਨਾ ਕਰੇ, ਓਥੇ ਪੰਜ ਮਿੰਟਾਂ ਵਾਸਤੇ ਠਹਿਰੋ। ਇਹ ਤੁਹਾਨੂੰ ਉਹਨਾਂ ਨੂੰ ਕਿਸੇ ਕਿਰਿਆ ਵਿੱਚ ਲਾਉਣ ਵਾਸਤੇ ਲੋੜੀਂਦਾ ਸਮਾਂ ਦਿੰਦਾ ਹੈ।
• ਜੇ ਤੁਸੀਂ ਦੁੱਧ ਚੁੰਘਦੇ ਬੱਚਿਆਂ ਜਾਂ ਛੋਟੇ ਬੱਚਿਆਂ ਨੂੰ ਕਿਸੇ ਦੂਸਰੀ ਜਗ੍ਹਾ ਛੱਡ ਰਹੇ ਹੋ ਤਾਂ ਕੋਈ ਅਜਿਹੀ ਚੀਜ਼ ਪੈਕ ਕਰੋ ਜਿਸ ਨਾਲ ਉਹ ਜੁੜੇ ਹੋਏ ਹਨ, ਜਾਂ ਜਿਸਨੂੰ ਉਹ ਆਪਣੇ ਘਰ ਦੀ ਸਮਝਦੇ ਹਨ (ਇੱਕ ਪਸੰਦੀਦਾ ਖਿਡੌਣਾ ਜਾਂ ਕੰਬਲ)।
• ਜਦੋਂ ਤੁਸੀਂ ਆਪਣੇ ਬੱਚੇ ਨੂੰ ਛੱਡ ਕੇ ਜਾਂਦੇ ਹੋ ਤਾਂ ਉਦਾਸ ਜਾਂ ਲੁੱਟੇ -ਪੁੱਟੇ ਦਿਖਾਈ ਨਾ ਦੇਵੋ - ਉਹ ਤੁਹਾਡਾ ਮਿਜਾਜ਼ ਸਮਝ ਲੈਣਗੇ। ਜਦੋਂ ਸੰਭਾਲਕ ਪਹੁੰਚਦਾ ਹੈ ਤਾਂ ਇਸਨੂੰ (ਮਿਜਾਜ਼ ਨੂੰ) ਚੜ੍ਹਦੀ ਕਲਾ ਵਿੱਚ ਰੱਖੋ, ("ਦੇਖੋ ਇਹ ਕੌਣ ਹੈ!"), ਖਿਸਕ ਜਾਣ ਦੀ ਬਜਾਏ ਹਮੇਸ਼ਾ ਅਲਵਿਦਾ ਕਹੋ (ਪਰ ਧੂ-ਘਸੀਟ ਨਾ ਕਰੋ)। ਛੋਟੇ ਬੱਚਿਆਂ ਨੂੰ ਇਹ ਯਾਦ ਦਿਲਾਉਣਾ ਨਾ ਭੁੱਲੋ ਕਿ ਤੁਸੀਂ ਕਿਸੇ ਵਿਸ਼ੇਸ਼ ਸਮੇਂ ਤੇ ਵਾਪਸ ਆ ਜਾਵੋਂਗੇ।
• ਇਹ ਯਕੀਨੀ ਬਣਾਓ ਕਿ ਤੁਸੀਂ ਆਪਣੀ ਨੈਨੀ ਨੂੰ ਸਿੱਖਣ ਅਤੇ ਖੇਡਣ ਦੀਆਂ ਸੁਵਿਧਾਵਾਂ ਪ੍ਰਦਾਨ ਕਰਾਕੇ ਜਾਂਦੇ ਹੋ, ਉਦਾਹਰਨ ਲਈ ਰੰਗ, ਸ਼ਕਲ ਛਾਂਟਕ, ਪੈਂਨ, ਕਿਤਾਬਾਂ ਆਦਿ, ਤਾਂਕਿ ਉਹਨਾਂ (ਬੱਚਿਆਂ) ਨੂੰ ਰੁੱਝੇ ਅਤੇ ਅਨੰਦਮਈ ਰੱਖਿਆ ਜਾਵੇ।

**ਜਿਆਦਾ ਜਾਣਕਾਰੀ ਵਾਸਤੇ...**ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਦੀਆਂ ਪੜਤਾਲ ਸੂਚੀਆਂ ਦੀਆਂ ਕਾਪੀਆਂ ਵਾਸਤੇ ਦੇਖੋ **www.surestart.gov.uk/lookingforchildcare**

## ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ

ਹਰੇਕ ਮਾਂ-ਬਾਪ ਜਾਣਦਾ ਹੈ ਕਿ ਹਰੇਕ ਬੱਚਾ ਵਿਲੱਖਣ ਹੁੰਦਾ ਹੈ ਅਤੇ ਇਹ ਵੀ ਕਿ ਉਹ ਆਪਣੇ ਹੀ ਹਿਸਾਬ ਨਾਲ ਵਿਕਾਸ ਕਰੇਗਾ। ਸਹੀ ਸੰਭਾਲ ਅਤੇ ਸਿੱਖਿਆ ਸਥਾਪਨਾ ਦੀ ਚੋਣ ਕਰਦੇ ਸਮੇਂ, ਤੁਹਾਡੇ ਬੱਚੇ ਦੀ ਉਮਰ ਅਤੇ ਵਿਕਾਸ ਦੇ ਪੜਾਅ ਤੇ ਧਿਆਨ ਨਾਲ ਵਿਚਾਰ ਕਰਨ ਤੇ ਮਦਦ ਮਿਲਦੀ ਹੈ। ਖੋਜ ਦੇ ਸਿੱਟੇ ਦਰਸਾਉਂਦੇ ਹਨ ਕਿ ਜਨਮ ਤੋਂ ਲੈਕੇ ਤਿੰਨ ਸਾਲ ਦੀ ਉਮਰ ਵਿਚਲੇ ਵਰ੍ਹੇ ਤੁਹਾਡੇ ਬੱਚੇ ਵਾਸਤੇ ਖਾਸ ਤੌਰ ਤੇ ਮਹੱਤਵਪੂਰਨ ਹਨ ਕਿਉਂਕਿ ਇਸ ਸਮੇਂ ਦੌਰਾਨ ਉਹਨਾਂ ਦੇ ਤਜ਼ਰਬਿਆਂ ਦਾ ਉਹਨਾਂ ਦੇ ਭਵਿੱਖ ਤੇ ਅਸਰ ਪਵੇਗਾ।

## ਸਿੱਖਿਆ ਕਿਵੇਂ ਵਿਕਸਤ ਹੁੰਦੀ ਹੈ, ਬਾਰੇ ਇੱਕ ਪੜਾਅਵਾਰ ਗਾਈਡ

***0-8 ਮਹੀਨੇ :*** ਇਸ ਸਮੇਂ ਦੌਰਾਨ, ਛੋਟੇ ਬੱਚੇ ਲੋਕਾਂ ਅਤੇ ਹਾਲਾਤਾਂ ਵੱਲ ਪੂਰੇ ਸਰੀਰ ਨਾਲ ਪ੍ਰਤੀਕਿਰਿਆ ਦਿਖਾਉਂਦੇ ਹਨ। ਉਹ ਗਹੁ ਨਾਲ ਦੇਖਦੇ ਹਨ ਅਤੇ ਆਪਣੇ ਵਾਤਾਵਰਣ ਦਾ ਹੁੰਗਾਰਾ ਭਰਦੇ ਹਨ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਵਿਚਾਰਾਂ ਦਾ ਲੈਣ-ਦੇਣ ਵੀ ਕਰਦੇ ਹਨ।

***8-18 ਮਹੀਨੇ :*** ਬੱਚਿਆਂ ਦੀ ਆਪਣੇ ਇਰਦ ਗਿਰਦ ਦੀ ਛਾਣਬੀਣ ਹੁਣ ਜਿਆਦਾ ਮਕਸਦ-ਭਰਪੂਰ ਬਣ ਜਾਂਦੀ ਹੈ। ਇਹ ਓਦੋਂ ਹੁੰਦਾ ਹੈ ਜਦੋਂ 'ਉਹ ਸਭ ਜਗ੍ਹਾ ਜਾਂਦੇ ਹਨ'। ਉਹ ਬੈਠਣਗੇ, ਖੜ੍ਹੇ ਹੋਣਗੇ, ਛਾਣਬੀਣ ਕਰਨਗੇ ਅਤੇ ਵੱਖੋ ਵੱਖਰੇ ਸ਼ਬਦ ਸਿੱਖਣਗੇ।

***18-24 ਮਹੀਨੇ :*** ਇਸ ਪੜਾਅ ਤੇ, ਬੱਚੇ ਦਿਨੋ ਦਿਨ ਵਧ ਰਹੀ ਆਜਾਦੀ ਅਤੇ ਚੱਲਣ ਫਿਰਨ, ਵਿਚਾਰ ਪ੍ਰਦਾਨ ਅਤੇ ਖੇਡਾਂ ਰਾਹੀਂ ਸਿੱਖਣ ਵਿੱਚ ਸਪੱਸ਼ਟ ਖੁਸ਼ੀ ਦਿਖਾ ਰਹੇ ਹੋਣਗੇ।

***24-36 ਮਹੀਨੇ :*** ਉਹਨਾਂ ਦੀ ਚੱਲਣ ਫਿਰਨ, ਗੱਲਬਾਤ ਕਰਨ, ਅਤੇ ਬਹਾਨਾ ਕਰਨ ਦੀ ਸਮਰੱਥਾ ਜਿਆਦਾ ਤੋਂ ਜਿਆਦਾ ਸਪੱਸ਼ਟ ਹੋ ਜਾਂਦੀ ਹੈ, ਅਤੇ ਉਹ ਆਪਣੇ ਆਪ ਵਿੱਚ ਅਤੇ ਰਿਸ਼ਤੇ ਬਣਾਉਣ ਵਿੱਚ ਵਧੇਰੇ ਵਿਸ਼ਵਾਸ਼ ਦਿਖਾਉਂਦੇ ਹਨ।

## ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦਾ ਸਮਾਂ ਮਹੱਤਵਪੂਰਨ ਹੈ

ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦੇ ਵਰ੍ਹੇ ਖਾਸ ਤੌਰ ਤੇ ਮਹੱਤਵਪੂਰਨ ਹਨ। ਕਿਉਂਕਿ ਬਹੁਤ ਸਾਰੇ ਬੱਚੇ ਹੁਣ ਤਿੰਨ ਸਾਲ ਦੀ ਉਮਰ ਤੋਂ ਪਹਿਲਾਂ ਕਿਸੇ ਸੰਭਾਲਕ ਕੋਲ ਕੁਝ ਸਮਾਂ ਬਿਤਾਉਂਦੇ ਹਨ, ਇਸ ਲਈ ਸ਼ਿਓਰਸਟਾਰਟ ਨੇ, ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦਾ ਸਮਾਂ ਮਹੱਤਵਪੂਰਨ ਹੈ, ਨੂੰ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਦੇ ਤਰੀਕੇ ਲਈ ਇੱਕ ਗਾਈਡ ਦੇ ਤੌਰ ਤੇ ਪ੍ਰਕਾਸ਼ਤ ਕੀਤਾ ਹੈ। ਇਹ ਕੋਈ ਪਾਠ-ਕ੍ਰਮ ਨਹੀਂ ਹੈ ਪਰ ਏਨਾ ਕੁ ਮਹੱਤਵਪੂਰਨ ਹੈ ਜਿੰਨਾ ਕਿ ਤੁਹਾਡੇ ਸੰਭਾਲਕ ਨੂੰ ਹੇਠ ਲਿਖਿਆਂ ਬਾਰੇ ਸੋਚਣ ਵਿੱਚ ਮਦਦ ਕਰਨਾ :

- ਤੁਹਾਡਾ ਬੱਚਾ
- ਤੁਹਾਡੇ ਬੱਚੇ ਦੀਆਂ ਲੋੜਾਂ
- ਤੁਹਾਡਾ ਬੱਚਾ ਕਿਹੜੀਆਂ ਚੀਜ਼ਾਂ ਕਰਨ ਵਿੱਚ ਅਨੰਦ ਮਹਿਸੂਸ ਕਰਦਾ ਹੈ
- ਉਹ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ ਤੁਹਾਡੇ ਬੱਚੇ ਦਾ ਬਾਲ ਸੰਭਾਲ ਸਥਾਪਨਾ ਵਿੱਚਲਾ ਸਮਾਂ ਖੁਸ਼ੀ ਭਰਿਆ ਅਤੇ ਉਤਪਾਦਕ ਹੋਵੇ

ਜੇ ਤੁਸੀਂ ਜਨਮ ਤੋ ਲੈਕੇ ਤਿੰਨ ਸਾਲਾਂ ਵਿਚਕਾਰ ਆਪਣੇ ਬੱਚੇ ਦੇ ਵਿਕਾਸ ਬਾਰੇ ਜਿਆਦਾ ਪੜ੍ਹਨ ਵਿੱਚ ਦਿਲਚਸਪੀ ਰੱਖਦੇ ਹੋ ਤਾਂ ਸ਼ਿਓਰ ਸਟਾਰਟ ਦੀ ਵੈੱਬਸਾਈਟ www.surestart.gov.uk/ensuringquality/birthtothreematters/ ਤੇ, ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦਾ ਸਮਾਂ ਮਹੱਤਵਪੂਰਨ ਹੈ, ਦੇਖੋ।

## ਤਿੰਨ ਤੋਂ ਪੰਜ ਸਾਲਾਂ ਦੀ ਉਮਰ

### ਬੁਨਿਆਦੀ ਪੜਾਅ (The Foundation Stage)

ਬੁਨਿਆਦੀ ਪੜਾਅ, ਕੌਮੀ ਪਾਠਕ੍ਰਮ ਦਾ ਪਹਿਲਾ ਹਿੱਸਾ ਹੈ ਜਿਹੜਾ ਕਿ ਤਿੰਨ ਸਾਲਾਂ ਦੇ ਬੱਚਿਆਂ ਤੋਂ ਲੈਕੇ ਉਹਨਾਂ ਦੇ ਪ੍ਰਾਇਮਰੀ ਸਕੂਲ ਜਾਣ ਦੇ ਅੰਤ ਤੱਕ ਦੀਆਂ ਵੰਨ-ਸੁਵੰਨੀਆਂ ਲੋੜਾਂ ਤੇ ਧਿਆਨ ਕੇਂਦਰਿਤ ਕਰਦਾ ਹੈ।

ਬੁਨਿਆਦੀ ਪੜਾਅ ਪਾਠਕ੍ਰਮ ਕਿਸੇ ਬੱਚੇ ਦੇ ਖੇਡ ਦੇ ਅਨੰਦ ਤੋਂ ਸ਼ੁਰੂ ਹੁੰਦਾ ਹੈ - ਇਹ ਬਹੁਤ ਸਾਰੀਆਂ ਉਤਸ਼ਾਹ-ਵਰਧਕ ਕਿਰਿਆਵਾਂ ਰਾਹੀਂ ਸਿੱਖਣ ਬਾਰੇ ਹੈ। ਬੁਨਿਆਦੀ ਪੜਾਅ ਵਿੱਚ ਸਿੱਖਣ ਦੇ ਛੇ ਖੇਤਰ ਹਨ। ਹਰੇਕ ਸਿੱਖਿਆ ਖੇਤਰ ਵਿੱਚ ਬਹੁਤ ਸਾਰੇ ਸ਼ੁਰੁਆਤੀ ਸਿੱਖਿਆ ਟੀਚੇ ਹੁੰਦੇ ਹਨ, ਜਿੰਨ੍ਹਾਂ ਨੂੰ ਅਖੀਰ ਤੱਕ ਪ੍ਰਾਪਤ ਕਰ ਲੈਣ ਦੀ ਜ਼ਿਆਦਾਤਰ ਬੱਚਿਆਂ ਤੋਂ ਉਮੀਦ ਕੀਤੀ ਜਾਂਦੀ ਹੈ। ਬੁਨਿਆਦੀ ਪੜਾਅ ਉਹਨਾਂ ਮੀਲ ਪੱਥਰਾਂ ਦਾ ਵੀ ਵਰਣਨ ਕਰਦਾ ਹੈ ਜਿਹੜੇ ਕਿਸੇ ਬੱਚੇ ਦੀ ਟੀਚਿਆਂ ਵੱਲ ਉੱਨਤੀ

ਨੂੰ ਦਰਸਾਉਂਦੇ ਹਨ। ਬੁਨਿਆਦੀ ਪੜਾਅ ਬਾਰੇ ਜਿਆਦਾ ਜਾਣਕਾਰੀ ਲੈਣ ਲਈ ਸ਼ਿਓਰ ਸਟਾਰਟ ਦੀ ਵੈੱਬਸਾਈਟ www.surestart.gov.uk/ensuringquality/foundationstage/ ਦੇਖੋ।

ਬੁਨਿਆਦੀ ਪੜਾਅ ਤੇ ਸਿੱਖਿਆ ਦੇ ਛੇ ਖੇਤਰ ਇਹ ਹਨ...

1 ਨਿੱਜੀ, ਸਮਾਜਕ ਅਤੇ ਭਾਵੁਕ ਵਿਕਾਸ

2 ਸੰਚਾਰ, ਭਾਸ਼ਾ ਅਤੇ ਸਾਖਰਤਾ

3 ਗਣਿਤਕੀ ਵਿਕਾਸ

4 ਸੰਸਾਰ ਦਾ ਗਿਆਨ ਅਤੇ ਸਮਝ

5 ਸਰੀਰਕ ਵਿਕਾਸ

6 ਰਚਨਾਤਮਕ ਵਿਕਾਸ

### ਯਾਦ ਰੱਖੋ!

ਸਾਰੇ ਤਿੰਨ ਅਤੇ ਚਾਰ ਸਾਲਾਂ ਬੱਚੇ, ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ ਦੇ ਹੱਕਦਾਰ ਹਨ (ਪੰਨਾ 2 ਦੇਖੋ)।

### ਮਾਪੇ ਸਿੱਖਣ ਵਿੱਚ ਕਿਵੇਂ ਮਦਦ ਕਰ ਸਕਦੇ ਹਨ

• ਜਿੱਥੇ ਕਿਤੇ ਮਾਪੇ ਅਤੇ ਉਹਨਾਂ ਦੀਆਂ ਸ਼ੁਰੂਆਤੀ ਸਿੱਖਿਆ ਸਥਾਪਨਾਵਾਂ ਇਕੱਠੇ ਨੇੜੇ ਹੋਕੇ ਕੰਮ ਕਰਦੇ ਹਨ, ਓਥੇ ਬੱਚੇ ਬਿਹਤਰ ਕਾਰਗੁਜ਼ਾਰੀ ਦਿਖਾਉਂਦੇ ਹਨ।

• ਤੁਸੀਂ ਆਪਣੇ ਬੱਚੇ ਨੂੰ ਹੋਰ ਕਿਸੇ ਵੀ ਨਾਲੋਂ ਸਭ ਤੋਂ ਵੱਧ ਚੰਗੀ ਤਰਾਂ ਜਾਣਦੇ ਹੋ, ਇਸ ਕਰਕੇ ਆਪਣੇ ਸੰਭਾਲਕ ਨਾਲ, ਤੁਹਾਡਾ ਬੱਚਾ ਕੀ ਕਰਨ ਵਿੱਚ ਅਨੰਦ ਮਹਿਸੂਸ ਕਰਦਾ ਹੈ, ਉਹਨਾਂ ਦੀਆਂ ਲੋੜਾਂ ਅਤੇ ਤਕੜੇ ਪੱਖਾਂ ਬਾਰੇ ਗੱਲ ਕਰਨਾ, ਚੌਤਰਫ਼ੀ ਵਿਕਾਸ ਨੂੰ ਹੱਲਾਸ਼ੇਰੀ ਦੇਵੇਗਾ।

• ਆਪਣੇ ਸੰਭਾਲਕ ਨਾਲ, ਉਹ ਰੋਜਾਨਾ ਕੀ ਕਰਨ ਦੀ ਯੋਜਨਾ ਬਣਾਉਂਦੇ ਹਨ, ਬਾਰੇ ਗੱਲ ਕਰਨਾ, ਤੁਹਾਨੂੰ ਵਿਕਾਸ ਤੇ ਨਜ਼ਰ ਰੱਖਣ ਅਤੇ ਘਰ ਵਿੱਚ ਅਜਿਹੇ ਤਰੀਕਿਆਂ ਨਾਲ ਇੱਕ ਕਿਰਿਆਤਮਕ ਸ਼ੁਰੂਆਤੀ ਸਿੱਖਿਆ ਭੂਮਿਕਾ ਨਿਭਾਉਣ ਵਿੱਚ ਮਦਦ ਕਰੇਗਾ ਜਿਹੜੇ ਕਿ ਅਨੰਦਦਾਇਕ ਹਨ।

• ਸ਼ੁਰੂਆਤੀ ਸਿੱਖਿਆ ਸਥਾਪਨਾ ਤੁਹਾਡੇ ਆਦਾਨ (Input) ਨੂੰ ਜੀ ਆਇਆਂ ਕਹਿੰਦੀ ਹੈ ਅਤੇ ਮਾਪਿਆਂ ਨੂੰ ਸਥਾਪਨਾ ਵਿੱਚ ਸਮਾਂ ਗੁਜ਼ਾਰਨ ਵਾਸਤੇ ਉਤਸ਼ਾਹਤ ਕਰਦੀ ਹੈ, ਜਾਂ ਤਾਂ ਬਕਾਇਦਾ ਤੌਰ ਤੇ ਜਾਂ ਜਦੋਂ ਉਹ ਅਜਿਹਾ ਕਰ ਸਕਦੇ ਹੋਣ।

### ਬੱਚੇ ਕਿਤਾਬਾਂ ਨੂੰ ਪਿਆਰ ਕਰਦੇ ਹਨ!

ਸ਼ੁਰੂ ਦੀ ਉਮਰ ਤੋਂ ਹੀ, ਬੱਚੇ ਕਿਤਾਬਾਂ ਵੱਲ ਦੇਖਣ ਅਤੇ ਉਹਨਾਂ ਨੂੰ ਸਾਂਝਿਆਂ ਕਰਨ ਨੂੰ ਪਿਆਰ ਕਰਦੇ ਹਨ। ਆਪਣੇ ਬੱਚੇ ਨੂੰ ਪੜ੍ਹਕੇ ਸੁਣਾਉਣਾ ਅਤੇ ਗੀਤ ਅਤੇ ਕਵਿਤਾਵਾਂ ਗਾਉਣਾ ਆਪਣੇ ਬੱਚੇ ਨਾਲ ਜੁੜਨ ਦਾ, ਉਸਦੀ ਕਲਪਨਾ ਨੂੰ ਟੁੰਬਣ ਦਾ ਅਤੇ ਉਹਨਾਂ ਦੇ ਭਾਸ਼ਾ ਵੱਲ ਪਹਿਲੇ ਕਦਮ ਸ਼ੁਰੂ ਕਰਨ ਦਾ ਅਸਲੀ ਰਸਤਾ ਹੈ। ਬਾਅਦ ਵਿੱਚ, ਇਹ ਅਭਿਆਸ ਗੱਲਬਾਤ ਅਤੇ ਪੜ੍ਹਨ ਅਤੇ ਲਿਖਣ ਸਬੰਧੀ ਮੁਹਾਰਤਾਂ ਵਿੱਚ ਮਦਦ ਕਰਦੇ ਹਨ।

### ਬੱਚਿਆਂ ਵਾਸਤੇ ਮੁਫ਼ਤ ਕਿਤਾਬਾਂ

ਸ਼ਿਓਰ ਸਟਾਰਟ ਦੁਆਰਾ ਅਨੁਦਾਨ ਪ੍ਰਾਪਤ, ਬੁੱਕਸਟਾਰਟ ਇੱਕ ਅਜਿਹੀ ਸਕੀਮ ਹੈ ਜਿਹੜੀ ਕਿ ਯੂ.ਕੇ. ਵਿੱਚ ਜਨਮੇ ਹਰੇਕ ਬੱਚੇ ਨੂੰ ਤੋਹਫੇ ਵਜੋਂ ਕਿਤਾਬਾਂ ਦਿੰਦੀ ਹੈ। ਸੋ ਕੀ ਕੁਝ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ?

• ਛੋਟੇ ਬੱਚਿਆਂ ਵਾਸਤੇ ਬੁੱਕਸਟਾਰਟ - ਛੋਟੇ ਬੱਚਿਆਂ ਵਾਸਤੇ ਕਿਤਾਬਾਂ ਦਾ ਇੱਕ ਥੈਲਾ ਅਤੇ ਨਰਸਰੀ ਕਵਿਤਾਵਾਂ ਵਾਲਾ ਬੈਠਣ ਵਾਲਾ ਮੈਟ ਜਿਹੜਾ ਕਿ ਅਕਸਰ ਸਿਹਤ ਮੁਲਾਕਾਤੀ (health visiitor) ਵੱਲੋਂ ਦਿੱਤਾ ਜਾਂਦਾ ਹੈ।

ਜਮ੍ਹਾਂ ਜਲਦ ਆ ਰਹੇ ਹਨ...

• ਬੁੱਕਸਟਾਰਟ ਪਲੱਸ- ਤੁਹਾਡੇ 18 ਮਹੀਨੇ ਦੇ ਬੱਚੇ ਵਾਸਤੇ ਦੋ ਕਿਤਾਬਾਂ, ਜਮ੍ਹਾਂ ਇੱਕ ਚੀਕ ਬਲੋਲੇ ਵਾਹੁਣ ਵਾਸਤੇ ਪੈਡ ਅਤੇ ਰੰਗਦਾਰ ਪੈਨਸਿਲਾਂ – ਪਤਝੜ / ਸਰਦੀ 2005 ਤੋਂ।

• ਮਾਈ ਬੁੱਕਸਟਾਰਟ ਟਰੈਯਅ ਚੈਸਟ (MyBookstart Treasure Chest) – ਤਿੰਨ ਸਾਲਾਂ ਬੱਚਿਆਂ ਵਾਸਤੇ ਇੱਕ ਨਵਾਂ ਪੈਕ, ਜਿਸ ਵਿੱਚ ਛੋਟੇ ਖਿਡੌਣਿਆਂ ਅਤੇ ਕਿਤਾਬਾਂ ਵਾਸਤੇ ਗੁਪਤ ਖਾਨੇ ਹਨ, ਚੀਕ ਬਲੋਲੇ ਵਾਹੁਣ ਵਾਸਤੇ ਪੈਡ, ਕਿਰਿਆਸ਼ੀਲਤਾ ਪੈਡ ਅਤੇ ਹੋਰ ਵੀ ਬਹੁਤ ਕੁਝ ਹੈ - ਪਤਝੜ / ਸਰਦੀ 2005 ਤੋਂ।

ਮਾਪੇ ਅਤੇ ਸੰਭਾਲਕ ਆਪਣੇ ਸਿਹਤ ਮੁਲਾਕਾਤੀ ਜਾਂ ਸਥਾਨਕ ਲਾਇਬਰੇਰੀ ਨੂੰ ਬੁੱਕਸਟਾਰਟ ਬਾਰੇ ਪੁੱਛਣ ਲਈ ਸੰਪਰਕ ਕਰ ਸਕਦੇ ਹਨ।

**ਪੜ੍ਹਨ ਸਬੰਧੀ ਨੁਕਤੇ : ਤੁਹਾਡੇ ਬੱਚੇ ਨੂੰ ਕਿਤਾਬਾਂ ਦਾ ਅਨੰਦ ਉਠਾਉਣ ਵਿੱਚ ਮਦਦ ਕਿਵੇਂ ਕੀਤੀ ਜਾਵੇ**

• ਸ਼ਬਦਾਂ ਦਾ ਉਂਗਲੀ ਨਾਲ ਪਿੱਛਾ ਕਰੋ ਜਾਂ ਆਪਣੇ ਬੱਚੇ ਨੂੰ ਅਜਿਹਾ ਕਰਨ ਦਿਓ। ਇਹ ਬੱਚਾ ਨੂੰ ਦਰਸਾਉਂਦਾ ਹੈ ਕਿ ਛੋਟੀਆਂ ਮੋਟੀਆਂ ਲਾਈਨਾਂ ਵੀ ਮਹੱਤਵਪੂਰਨ ਹਨ।

• ਆਪਣੇ ਬੱਚੇ ਨੂੰ ਸੁਣੋ, ਉਹਨਾਂ ਨੂੰ ਅਗਵਾਈ ਕਰਨ ਦਿਓ।

• ਕਹਾਣੀ ਨੂੰ ਖਿਡੌਣਿਆਂ ਅਤੇ ਥੰਮੀਆਂ ਦੀ ਵਰਤੋਂ ਕਰਕੇ ਨਾਟਕੀ ਅੰਦਾਜ ਵਿੱਚ ਸੁਣਾਕੇ ਕਿਤਾਬ ਨੂੰ ਇੱਕ ਨਾਟਕ ਵਿੱਚ ਬਦਲ ਦਿਓ। ਕੀ ਉਹ ਹਿੱਸਾ ਲੈਣਾ ਚਾਹੁੰਦੇ ਹਨ? ਪਾਤਰਾਂ ਦਾ ਪ੍ਰਤੀਨਿਧ ਕਰਨ ਲਈ ਅਲੱਗ ਅਲੱਗ ਆਵਾਜਾਂ ਵਿੱਚ ਬੋਲੋ ਜਾਂ ਗਾਓ।

• ਬਾਅਦ ਵਿੱਚ ਉਹਨਾਂ ਤੋਂ ਕਹਾਣੀ ਬਾਰੇ ਪੁੱਛੋ ਅਤੇ ਦੇਖੋ ਕਿ ਉਹ ਕਿਹੜੇ ਸ਼ਬਦ ਯਾਦ ਰੱਖਦੇ ਹਨ। ਜੇ ਤੁਸੀਂ ਉਹਨਾਂ ਨਾਲ ਗੱਲ ਕਰਦੇ ਹੋ ਅਤੇ ਉਹਨਾਂ ਨੂੰ ਸੁਣਦੇ ਹੋ ਤਾਂ ਉਹ ਹੋਰ ਜ਼ਿਆਦਾ ਸਿੱਖਦੇ ਹਨ।

• ਕਹਾਣੀਆਂ ਵਾਸਤੇ ਇੱਕ ਬਕਾਇਦਾ ਸਮਾਂ ਰੱਖੋ (ਜਿਵੇਂ ਕਿ ਸੌਣ ਤੋਂ ਪਹਿਲਾਂ) ਪਰ ਹੋਰ ਵਾਧੂ ਸਮਾਂ ਵੀ ਜੋੜ ਦਿਓ, ਹੋ ਸਕਦਾ ਹੈ ਕਦੇ ਦੋਸਤ ਵਗੈਰਾ ਆ ਜਾਣ।

• ਤੁਸੀਂ ਆਪਣੀ ਸਥਾਨਕ ਲਾਇਬਰੇਰੀ ਤੋਂ ਬਹੁਤ ਸਾਰੀਆਂ ਕਿਤਾਬਾਂ ਉਧਾਰ ਲੈ ਸਕਦੇ ਹੋ। ਲਾਇਬਰੇਰੀਆਂ ਵੀ ਕਹਾਣੀ ਅਤੇ ਨਰਸਰੀ ਕਵਿਤਾਵਾਂ ਦੇ ਕਾਰਜ-ਕਾਲ ਲਗਾਉਂਦੀਆਂ ਹਨ। ਉਹਨਾਂ ਤੋਂ ਵਿਸਥਾਰਾਂ ਬਾਰੇ ਪੁੱਛੋ।

**ਜਿਆਦਾ ਜਾਣਕਾਰੀ ਵਾਸਤੇ...***ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦਾ ਸਮਾਂ ਮਹੱਤਵਪੂਰਨ ਹੈ*, ਮਾਪਿਆਂ ਵਾਸਤੇ ਪੈਕ ਅਤੇ ਸ਼ੁਰੂਆਤੀ ਸਿੱਖਿਆ ਸਾਲਾਂ ਵਿੱਚ ਸਹਾਇਤਾ ਵਾਸਤੇ ਦੇਖੋ www.surestart.gov.uk/ensuringquality/birthtothreematters/ ਮਾਪਿਆਂ ਵਾਸਤੇ ਪਾਠਕ੍ਰਮ ਵਾਸਤੇ ਇੱਕ ਆਨਲਾਈਨ ਗਾਈਡ ਵਾਸਤੇ, ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਕੱਠਿਆਂ ਕੰਮ ਕਰਨ ਵਿੱਚ ਮਦਦ ਕਰਨ ਵਾਸਤੇ ਸਿੱਖਿਆ ਸਬੰਧੀ ਸੋਮਿਆਂ ਦੀ ਭਾਲ ਲਈ, ਅਤੇ ਸਿੱਖਿਆ ਦੇ ਬਹੁਤ ਸਾਰੇ ਹੋਰ ਖੇਤਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵਾਸਤੇ ਦੇਖੋ www.parentscentre.gov.uk

**ਬਾਲ ਸੰਭਾਲ ਗੁਣਵਤਾ ਤੁਹਾਡੇ ਬੱਚੇ ਦੀ ਸੁਰੱਖਿਆ**

**ਬਾਲ ਸੰਭਾਲ ਦੀ ਗੁਣਵਤਾ**

ਕਿਸੇ ਵੀ ਮਾਪੇ ਦੀ ਪ੍ਰਮੁੱਖ ਤਰਜੀਹ ਇਹ ਜਾਨਣ ਦੀ ਹੁੰਦੀ ਹੈ ਕਿ ਉਹਨਾਂ ਦੇ ਬੱਚੇ ਸੁਰੱਖਿਅਤ ਹੱਥਾਂ ਵਿੱਚ ਹਨ। ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਾਲਸੰਭਾਲਕਾਂ, ਨਰਸਰੀਆਂ, ਖੇਡ-ਗਰੁੱਪਾਂ, ਸਕੂਲ ਤੋਂ ਬਾਹਰੀ ਅਤੇ ਛੁੱਟੀ ਕਲੱਬਾਂ ਅਤੇ ਨਾਲ ਹੀ ਨਾਲ ਕੁਝ ਨੈਨੀਆਂ ਅਤੇ ਕੁਝ ਬਾਲਵਾੜੀਆਂ ਨੂੰ ਪੰਜੀਕਿਰਤ ਕਰਨਾ ਅਤੇ ਉਹਨਾਂ ਦੀ ਪੜਤਾਲ ਕਰਨਾ, ਅਫਿਸ ਫਾਰ ਸਟੈਂਡਰਡਜ ਇਨ ਐਜੁਕੇਸ਼ਨ (ਆਫਸਟੈਡ) ਦਾ ਕੰਮ ਹੈ।

• ਸਿਹਤ ਅਤੇ ਸੁਰੱਖਿਆ, ਸਾਜ-ਸਾਮਾਨ, ਅਤੇ ਸੰਭਾਲ, ਸਿੱਖਿਆ ਅਤੇ ਖੇਡਾਂ ਜੋ ਕਿ ਸੇਵਾਵਾਂ ਦਿੰਦੀਆਂ ਹਨ, ਨਾਲ ਸਬੰਧਤ ਚੌਦਾਂ ਕੌਮੀ ਮਿਆਰਾਂ ਨੂੰ ਲਾਜ਼ਮੀ ਤੌਰ ਤੇ ਪੂਰਾ ਕੀਤਾ ਜਾਣਾ ਚਾਹੀਦਾ ਹੈ। ਪੰਜੀਕਿਰਤ ਕੀਤੇ ਜਾਣ ਤੋਂ ਪਹਿਲਾਂ ਬਾਲ ਸੰਭਾਲ ਸੇਵਾਵਾਂ ਦੀ ਆਫਸਟੈਡ ਦੁਆਰਾ ਇੱਕ ਵਾਰ ਪੜਤਾਲ ਕੀਤੀ ਜਾਂਦੀ ਹੈ, ਅਤੇ ਫੇਰ ਉਹਨਾਂ ਦੀ ਬਕਾਇਦਾ ਪੜਤਾਲ ਹੁੰਦੀ ਰਹਿੰਦੀ ਹੈ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਮਿਆਰਾਂ ਨੂੰ ਬਣਾਈ ਰੱਖਦੇ ਹਨ। ਆਫਸਟੈਡ ਨੂੰ ਵਿਅਕਤੀਗਤ ਸ਼ਿਕਾਇਤਾਂ ਕੀਤੀਆਂ ਜਾ ਸਕਦੀਆਂ ਹਨ - ਅਤੇ ਉਹਨਾਂ ਦਾ ਅਨੁਸਰਣ ਹੋ ਸਕਦਾ ਹੈ।

• ਉਹ ਨੈਨੀਆਂ ਜਿਹੜੀਆਂ ਇੱਕੋ ਸਮੇਂ ਦੋ ਤੋਂ ਵੱਧ ਪਰਿਵਾਰਾਂ ਵਾਸਤੇ ਕੰਮ ਕਰਦੀਆਂ ਹਨ, ਉਹ ਵੀ ਇਹਨਾਂ ਪੜਤਾਲਾਂ ਦੇ ਘੇਰੇ ਵਿੱਚ ਆਉਂਦੀਆਂ ਹਨ ਪਰ ਉਹ ਨੈਨੀਆਂ ਨਹੀਂ ਜਿਹੜੀਆਂ ਇੱਕ ਜਾਂ ਦੋ ਪਰਿਵਾਰਾਂ ਵੱਲੋਂ ਆਪਣੇ ਘਰ ਵਿੱਚ ਹੀ ਕੰਮ ਕਰਨ ਵਾਸਤੇ ਰੱਖੀਆਂ ਜਾਂਦੀਆਂ ਹਨ। ਕੀਤੀਆਂ ਗਈਆਂ ਪੜਤਾਲਾਂ ਦੀ ਇੱਕ ਵਧੀਆ ਝਲਕ ਲੈਣ ਵਾਸਤੇ ਸੇਵਾ ਦੀ ਸਭ ਤੋਂ ਤਾਜ਼ੀ ਆਫਸਟੈਡ ਰਿਪੋਰਟ ਪੜ੍ਹੋ, ਪਰ ਗੁਣਵਤਾ ਬਾਰੇ ਆਪਣਾ ਨਿੱਜੀ ਮੁਲਾਂਕਣ ਕਰਨਾ ਯਾਦ ਰੱਖੋ (ਦੇਖੋ ਪੰਨਾ 14)।

**5 ਚੀਜਾਂ ਜਿਹੜੀਆਂ ਤੁਸੀਂ ਆਪਣੇ ਬੱਚੇ ਦੀ ਸੰਭਾਲ ਦਾ ਨਿਰੀਖਣ ਕਰਨ ਵਾਸਤੇ ਕਰ ਸਕਦੇ ਹੋ**

1. ਆਪਣੇ ਬਾਲ ਸੰਭਾਲਕ ਨਾਲ ਰੋਜਾਨਾ ਗੱਲ ਕਰੋ। ਉਸਨੂੰ ਇਹ ਜਾਨਣ ਦੀ ਲੋੜ ਹੈ ਕਿ ਘਰੇ ਕਿ ਵਾਪਰ ਰਿਹਾ ਹੈ ਜਿਹੜਾ ਤੁਹਾਡੇ ਬੱਚਿਆਂ ਦੀਆਂ ਦਿਨ ਦੇ ਦੌਰਾਨ ਲੋੜਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਤੁਹਾਨੂੰ ਇਹ ਵੀ ਜਾਨਣ ਦੀ ਲੋੜ ਹੈ ਕਿ ਤੁਹਾਡੇ ਬੱਚੇ ਦਾ ਦਿਨ ਕਿਵੇਂ ਗਿਆ - ਉਹਨਾਂ ਨੇ ਕੀ ਖਾਧਾ, ਉਹ ਕਿੰਨੀ ਚੰਗੀ ਤਰਾਂ ਸੁੱਤੇ ਆਦਿ। ਆਪਣੇ ਸੰਭਾਲਕ ਨੂੰ ਇੱਕ ਕਿਰਿਆਵਾਂ ਦੀ ਡਾਇਰੀ ਬਣਾਉਣ ਲਈ ਕਹੋ (ਕਈ ਵਾਰ ਇਸਨੂੰ 'ਮੇਰਾ ਦਿਨ' ਸ਼ੀਟ ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ) ਜਿਸ ਵਿੱਚ ਦਿਨ ਨੂੰ ਰੇਖਾਂਕਿਤ ਕੀਤਾ ਗਿਆ ਹੋਵੇ।

2. ਜੋ ਕੁਝ ਦੀ ਤੁਸੀਂ ਉਮੀਦ ਕਰਦੇ ਹੋ, ਉਹ ਕਹਿੰਦੇ ਰਹੋ। ਭਾਵੇਂ ਕਿ ਕੁਝ ਜਰੂਰਤਾਂ ਤੇ ਸਹਿਮਤੀ ਸ਼ੁਰੂ ਤੋਂ ਹੀ ਹੋ ਗਈ ਹੋਵੇਗੀ, ਨਵੇਂ ਮੁੱਦਿਆਂ ਬੇਰੋਕ-ਟੋਕ ਆਉਂਦੇ ਰਹਿਣਗੇ।

3. ਆਪਣੇ ਬੱਚੇ ਦੇ ਵਿਵਹਾਰ ਜਾਂ ਮਿਜਾਜ ਵਿੱਚ ਆਈਆਂ ਤਬਦੀਲੀਆਂ ਬਾਰੇ ਦੇਖੋ। ਜੇ ਉਹ ਬੋਲ ਸਕਦੇ ਹੋਣ ਤਾਂ, ਪ੍ਰਸ਼ਨ ਪੁੱਛੋ (ਉਹਨਾਂ ਨੇ ਕੀ ਖਾਧਾ ਹੈ, ਸੁੱਤੇ ਹਨ, ਕੀ ਕੀਤਾ ਹੈ?) ਸ਼ੁਰੂ ਤੋਂ ਹੀ ਬੱਚਿਆਂ ਦੇ ਨਾਂਅ ਜਾਣ ਲੈਣਾ ਚੰਗਾ ਰਹਿੰਦਾ ਹੈ, ਅਤੇ ਮਾਪਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਬਾਰੇ ਗੱਲ ਕਰ ਰਹੇ ਹਨ / ਕਿਸ ਨਾਲ ਖੇਡ ਰਹੇ ਹਨ।

4. ਕਦੇ ਕਦੇ, ਅਣਕਿਆਸੇ ਬਾਲਸੰਭਾਲ ਕੇਂਦਰਾਂ ਜਾਂ ਬਾਲ ਸੰਭਾਲਕਾਂ ਦੇ ਘਰ ਜਾਓ ਜਾਂ ਆਪਣੇ ਹੀ ਘਰ ਜਲਦੀ ਪਹੁੰਚੋ ਤਾਂਕਿ ਪਤਾ ਲੱਗੇ ਕਿ ਕੀ ਹੋ ਰਿਹਾ ਹੈ। ਹੋਰਨਾਂ ਮਾਪਿਆਂ ਅਤੇ ਗੁਆਂਢੀਆਂ ਨਾਲ ਗੱਲ ਕਰੋ।

5. ਦੋ ਮਹੀਨਿਆਂ ਬਾਅਦ ਨਵੇਂ ਪ੍ਰਬੰਧਨ ਵਿੱਚ ਸਮਾਂ ਬੁੱਕ ਕਰੋ ਤਾਂਕਿ ਤੁਹਾਡੇ ਬੱਚੇ ਦੀ ਉੱਨਤੀ / ਸੁਧਾਰਾਂ / ਮੁੱਦਿਆਂ ਤੇ ਇਕੱਠੇ ਬੈਠ ਕੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ।

**ਕੀ ਹੋਵੇਗਾ ਜੇ...**

ਤੁਸੀਂ ਬਾਲ ਸੰਭਾਲ ਦੇ ਕਿਸੇ ਵਿਸ਼ੇਸ਼ ਪੱਖ ਤੋਂ ਨਾ-ਖੁਸ਼ ਹੋ?

• ਇਹ ਯਕੀਨੀ ਬਣਾਓ ਕਿ ਤੁਸੀਂ ਇਸ ਨੂੰ ਬਾਲ ਸੰਭਾਲਕ ਕੋਲ ਉਠਾਉਂਦੇ ਹੋ। ਇੱਕ ਚੰਗਾ ਬਾਲ ਸੰਭਾਲਕ ਪੇਸ਼ੇਵਰ ਹੁੰਦਾ ਹੈ ਅਤੇ ਆਮ ਤੌਰ ਤੇ ਉਹ ਸੱਚਮੁੱਚ ਇਸਨੂੰ ਸਹੀ ਕਰਨਾ ਚਾਹੁਣਗੇ।

• ਧਿਆਨ ਨਾਲ ਸੋਚੋ ਕਿ ਤੁਹਾਨੂੰ ਕੀ ਕੁਝ ਪ੍ਰੇਸ਼ਾਨ ਕਰ ਰਿਹਾ ਹੈ। ਸ਼ਾਂਤੀ ਨਾਲ ਵਰਨਨ ਕਰੋ ਕਿ ਤੁਸੀਂ ਚਿੰਤਤ ਕਿਉਂ ਹੋ, ਅਤੇ ਆਪਣੇ ਸੰਭਾਲਕ ਨੂੰ ਉੱਤਰ ਦੇਣ ਵਾਸਤੇ ਸਮਾਂ ਦਿਓ।

• ਸਮੱਸਿਆ ਦੇ ਹੱਲ ਵਾਸਤੇ ਤਰੀਕੇ ਸੁਝਾਓ। ਇਸਨੂੰ ਨਜਿੱਠਣ ਲਈ ਆਪਣੇ ਸੰਭਾਲਕ ਦੀ ਸਲਾਹ ਬਾਰੇ ਪੁੱਛੋ। ਫੇਰ ਕਿਸੇ ਕਾਰਵਾਈ ਦੀ ਯੋਜਨਾ ਤੇ ਸਹਿਮਤ ਹੋ ਜਾਓ।

• ਜੇ ਹਾਲਾਤ ਵਿੱਚ ਸੁਧਾਰ ਨਹੀਂ ਆਉਂਦਾ, ਜਾਂ ਸੰਭਾਲਕ ਨੇ ਉਹ ਤਬਦੀਲੀਆਂ ਨਹੀਂ ਕੀਤੀਆਂ ਜਿੰਨ੍ਹਾਂ ਤੇ ਸਹਿਮਤੀ ਹੋਈ ਸੀ, ਤਾਂ ਇੰਚਾਰਜ ਵਿਅਕਤੀ ਨਾਲ ਗੱਲ ਕਰਨ ਬਾਰੇ ਪੁੱਛੋ (ਜੇ ਤੁਸੀਂ ਪਹਿਲਾਂ ਹੀ ਅਜਿਹਾ ਨਹੀਂ ਕਰ ਚੁੱਕੇ ਹੋ), ਆਪਣੇ ਨੋਟਿਸ ਦੀ ਮਿਆਦ ਦੀ ਪੜਤਾਲ ਕਰੋ ਅਤੇ ਬਦਲਵੀਂ ਬਾਲ ਸੰਭਾਲ ਦੇਖਣਾ ਸ਼ੁਰੂ ਕਰੋ।

• ਜੇ ਤੁਸੀਂ ਚਿੰਤਤ ਹੋ ਕਿ ਕੋਈ ਬਾਲ ਸੰਭਾਲਕ ਲੋੜੀਂਦੇ ਮਿਆਰਾਂ ਨੂੰ ਪੂਰਾ ਨਹੀਂ ਕਰ ਰਿਹਾ, ਤਾਂ ਤੁਸੀਂ ਸਿੱਧੇ ਤੌਰ ਤੇ ਆਫਸਟੈਡ ਨੂੰ ਸ਼ਿਕਾਇਤ ਕਰ ਸਕਦੇ ਹੋ ਅਤੇ ਕੋਈ ਇੰਸਪੈਕਟਰ ਇਸਦੀ ਜਾਂਚ ਕਰੇਗਾ। ਆਫਸਟੈਂਡ ਦਾ ਸ਼ਿਕਾਇਤਾਂ ਕਰਨ ਵਾਸਤੇ ਨੰਬਰ ਹੈ 0845 601 4771.

**ਬਾਲ ਸੰਭਾਲ ਗੁਣਵਤਾ**

**ਬਾਲਸੰਭਾਲ ਮਨਜ਼ੂਰੀ ਯੋਜਨਾ (CHILDCARE APPROVAL SCHEME)**

ਜ਼ਿਆਦਾ ਤੋਂ ਜ਼ਿਆਦਾ ਮਾਪੇ, ਉਹਨਾਂ ਦੇ ਆਪਣੇ ਹੀ ਘਰ ਵਿੱਚ ਰਹਿਣ ਲਈ ਬਾਲ ਸੰਭਾਲਕਾਂ ਨੂੰ ਲੱਭ ਰਹੇ ਹਨ - ਖਾਸ ਤੌਰ ਤੇ ਜੇ ਬੇਹੂਦੇ ਘੰਟੇ / ਸ਼ਿਫ਼ਟਾਂ ਨੂੰ ਮੱਦੇ ਨਜ਼ਰ ਰੱਖਣ ਦੀ ਲੋੜ ਹੈ, ਆਵਾਜਾਈ ਸਾਧਨ ਦੀ ਸਮੱਸਿਆ ਹੈ, ਜਾਂ ਉਹਨਾਂ ਦਾ ਅਪੰਗਤਾਵਾਂ ਵਾਲਾ ਜਾਂ ਹੋਰ ਵਿਸ਼ੇਸ਼ ਲੋੜਾਂ ਵਾਲਾ ਬੱਚਾ ਹੈ।

ਨਵੀਂ ਬਾਲ ਸੰਭਾਲ ਮਨਜ਼ੂਰੀ ਯੋਜਨਾ ਪਰਿਵਾਰ ਦੇ ਘਰ ਵਿੱਚ ਪ੍ਰਦਾਨ ਕੀਤੀ ਜਾਂਦੀ ਸਾਰੀ ਸੰਭਾਲ ਤੇ ਲਾਗੂ ਹੋਵੇਗੀ, ਅਤੇ ਉਹਨਾਂ ਬਾਲ ਸੰਭਾਲਕਾਂ ਤੇ ਵੀ ਲਾਗੂ ਹੋਵੇਗੀ ਜਿਹੜੇ ਕੇਵਲ ਸੱਤ ਸਾਲਾਂ ਤੋ ਉੱਪਰ ਦੀ ਉਮਰ ਦੇ ਬੱਚਿਆਂ ਦੀ ਹੋਰ ਘਰੇਲੂ ਵਿਹੜਿਆਂ ਵਿੱਚ ਸੰਭਾਲ ਕਰ ਰਹੇ ਹਨ।

**ਯੋਜਨਾ ਕੀ ਕਰਦੀ ਹੈ?**

• ਇਹ ਤਸਦੀਕ ਕਰਦੀ ਹੈ ਕਿ ਬਾਲਸੰਭਾਲਕ ਕੋਲ ਕੋਈ ਬਾਲਸੰਭਾਲ ਯੋਗਤਾ ਹੈ (ਜਾਂ ਉਸਨੇ ਸਬੰਧਤ ਬਾਲ ਸੰਭਾਲ ਸ਼ਮੂਲੀਅਤ ਕੋਰਸ ਵਿੱਚ ਹਾਜ਼ਰੀ ਭਰੀ ਹੈ)। www.dfes.gov.uk/childrenswfqualifications ਤੇ ਸਾਰੀਆਂ ਮੰਨਣਯੋਗ ਬਾਲ ਸੰਭਾਲ ਯੋਗਤਾਵਾਂ ਦੀ ਇੱਕ ਨਵੀਨਤਮ ਸੂਚੀ ਦੇਖੋ।

• ਇਹ ਇਸ ਗੱਲ ਦੀ ਗਰੰਟੀ ਦਿੰਦੀ ਹੈ ਕਿ ਬਾਲ ਸੰਭਾਲਕ 18 ਸਾਲਾ ਜਾਂ ਇਸਤੋਂ ਉੱਪਰ ਹੈ, ਅਤੇ ਉਸ ਕੋਲ ਢੁਕਵਾਂ ਮੁਢਲੀ ਸਹਾਇਤਾ ਸਰਟੀਫਿਕੇਟ ਹੈ ਜਿਹੜਾ ਕਿ ਅਰਜ਼ੀ ਦਿੰਦੇ ਸਮੇਂ ਤਿੰਨ ਸਾਲਾਂ ਤੋਂ ਜ਼ਿਆਦਾ ਪੁਰਾਣਾ ਨਹੀਂ ਹੈ।

• ਇਹ ਇੱਕ CRB (Criminal Records Bureau) ਪੜਤਾਲ ਜਿਸ ਵਿੱਚ POCA (Protection of Children's Act) ਸੂਚੀ ਪੜਤਾਲ ਵੀ ਸ਼ਾਮਲ ਹੈ, ਵੀ ਕਰਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦੀ ਪਿਛਲੀ ਜ਼ਿੰਦਗੀ ਵਿੱਚ ਅਜਿਹਾ ਕੁਝ ਨਹੀਂ ਹੈ, ਜਿਹੜਾ ਉਹਨਾਂ ਨੂੰ ਬੱਚਿਆਂ ਨਾਲ ਕੰਮ ਕਰਨ ਦੇ ਅਯੋਗ ਬਣਾਉਂਦਾ ਹੋਵੇ।

• ਇਹ ਯੋਜਨਾ ਕੇਵਲ ਇੰਗਲੈਂਡ ਵਿੱਚ ਮੁਹੱਈਆ ਕੀਤੀ ਜਾਂਦੀ ਸੰਭਾਲ ਤੇ ਹੀ ਲਾਗੂ ਹੁੰਦੀ ਹੈ।

## ਯੋਜਨਾ ਮੈਨੂੰ ਕਿਵੇਂ ਫਾਇਦਾ ਦਿੰਦੀ ਹੈ?

• ਇਹ ਤੁਹਾਡੇ ਦਿਮਾਗ ਨੂੰ ਚੈਨ ਲੈਣ ਵਿੱਚ ਮਦਦ ਕਰੇਗੀ। ਮਾਨਤਾ ਪ੍ਰਾਪਤ ਸੰਭਾਲਕ ਦੀ ਵਰਤੋਂ ਕਰਕੇ, ਤੁਸੀਂ ਜਾਣੋਗੇ ਕਿ ਉਹਨਾਂ ਦੀ ਜਾਂਚ ਕੀਤੀ ਗਈ ਹੈ ਅਤੇ ਉਹ ਮੁੱਢਲੀ ਕਸੌਟੀ ਤੇ ਖਰੇ ਉੱਤਰਦੇ ਹਨ।

• ਇਸਦਾ ਮਤਲਬ ਹੈ ਕਿ ਉਹ ਬੱਚਿਆਂ ਨਾਲ ਕੰਮ ਕਰਨ ਵਾਸਤੇ ਅਢੁਕਵੇਂ ਨਹੀਂ ਹਨ, ਉਹਨਾਂ ਨੂੰ ਬੱਚਿਆਂ ਦੀਆਂ ਲੋੜਾਂ ਦੀ ਸਮਝ ਹੈ ਅਤੇ ਉਹ ਜਾਣਦੇ ਹੋਣਗੇ ਕਿ ਸੰਕਟ ਸਮੇਂ ਕੀ ਕਰਨਾ ਹੈ।

• ਕੁਝ ਕੰਮਕਾਜੀ ਮਾਪੇ ਅਤੇ ਅਪੰਗ ਲੋਕ ਜਿਹੜੇ ਕਿਸੇ ਮਾਨਤਾ ਪ੍ਰਾਪਤ ਸੰਭਾਲਕ ਦੀ ਵਰਤੋਂ ਕਰਦੇ ਹਨ, ਕੰਮ ਕਾਜੀ ਟੈਕਸ ਜਮ੍ਹਾਂ ਦੇ ਬਾਲ ਸੰਭਾਲ ਅੰਸ਼ ਰਾਹੀਂ ਜਾਂ ਮਾਲਕ ਵੱਲੋਂ ਸਹਾਇਤਾ ਪ੍ਰਾਪਤ ਸੰਭਾਲ, ਜਿਵੇਂ ਕਿ ਬਾਲ ਸੰਭਾਲ ਵਾਊਚਰ ਜਾਂ ਬਾਲਸੰਭਾਲ ਸਥਾਨ ਜਿੰਨ੍ਹਾਂ ਨਾਲ ਮਾਲਕ ਨੇ ਠੇਕਾ ਕੀਤਾ ਹੋਇਆ ਹੈ, ਰਾਹੀਂ ਵਿੱਤੀ ਸਹਾਇਤਾ ਲੈਣ ਦੇ ਯੋਗ ਹੋ ਸਕਦੇ ਹਨ (ਦੇਖੋ ਪੰਨਾ 16)।

• ਇਹ ਜਿਆਦਾ ਉੱਚ ਗੁਣਵਤਾ, ਪਹੁੰਚਣਯੋਗ ਅਤੇ ਪੁੱਗਣਯੋਗ ਬਾਲਸੰਭਾਲ ਪ੍ਰਦਾਨ ਕਰਦਾ ਹੈ ਜਿਹੜੀ ਕਿ ਮਾਪਿਆਂ ਕੋਲ, ਜਦੋਂ ਅਤੇ ਜਿੱਥੇ ਉਹ ਚਾਹੁਣ ਉਪਲਬਧ ਹੈ।

## ਪੜਤਾਲਾਂ ਜੋ ਤੁਸੀਂ ਅਜੇ ਵੀ ਕਰ ਸਕਦੇ ਹੋ

ਜੇ ਉਸਨੂੰ ਯੂ.ਕੇ ਵਿੱਚ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ ਤਾਂ ਉਹਨਾਂ ਕੋਲੋਂ ਸਬੂਤ ਮੰਗੋ।

ਸੰਭਾਲਕ ਸਭ ਤੋਂ ਵੱਧ ਕਿਸ ਉਮਰ ਗੁੱਟ ਦੇ ਬੱਚਿਆਂ ਵਾਸਤੇ ਸਭ ਤੋਂ ਜ਼ਿਆਦਾ ਯੋਗ ਹੈ? ਇਹ ਜਾਨਣ ਲਈ ਹਵਾਲੇ ਲਓ ਕਿ ਉਹਨਾਂ ਦਾ ਪਹਿਲਾਂ ਤਜ਼ਰਬਾ ਕਿਹੋ ਜਿਹਾ ਸੀ। ਕੋਈ ਬਾਲ ਸੰਭਾਲਕ ਤੁਹਾਡੀਆਂ ਜਰੂਰਤਾਂ ਨੂੰ ਪੂਰਾ ਕਰੇਗਾ ਜਾਂ ਨਹੀਂ ਕਰੇਗਾ, ਇਹ ਤੁਹਾਡੀ ਜ਼ਿੰਮੇਵਾਰੀ ਹੈ। ਪੁੱਛਣ ਵਾਸਤੇ ਸਹੀ ਪ੍ਰਸ਼ਨਾਂ ਅਤੇ ਕੀਤੀਆਂ ਜਾਣ ਵਾਲੀਆਂ ਪੜਤਾਲਾਂ ਦੀ ਝਲਕ ਲੈਣ ਲਈ, ਨੈਨੀਆਂ ਅਤੇ ਹੋਰ ਘਰੇਲੂ ਬਾਲ ਸੰਭਾਲਕਾਂ ਬਾਰੇ ਪੰਨਾ 4 ਤੇ ਸ਼ੁਰੂ ਹੋਣ ਵਾਲਾ ਸ਼ੈਕਸ਼ਨ ਦੇਖੋ।

ਅਪ੍ਰੈਲ 2005 ਤੋਂ, www.childcareapprovalscheme.co.uk ਤੇ ਮਾਨਤਾ ਪ੍ਰਾਪਤ ਬਾਲਸੰਭਾਲਕ ਨੂੰ ਰੱਖਣ ਵਾਲੇ ਮਾਪਿਆਂ ਵਾਸਤੇ ਇੱਕ ਗਾਈਡ ਉਪਲਬਧ ਹੋਵੇਗੀ।

ਬਾਲਸੰਭਾਲ ਮਨਜ਼ੂਰੀ ਯੋਜਨਾ ਬਾਰੇ ਜਾਣਕਾਰੀ ਲੈਣ ਲਈ **0845 7678 111** ਤੇ ਕਾਲ ਕਰੋ (ਕਾਲਾਂ ਸਥਾਨਕ ਰੇਟਾਂ ਦੇ ਹਿਸਾਬ ਨਾਲ ਚਾਰਜ ਕੀਤੀਆਂ ਜਾਂਦੀਆਂ ਹਨ ਜਾਂ ਕਿਸੇ ਮੋਬਾਈਲ ਜਾਂ ਜਨਤਕ ਫ਼ੋਨ ਤੋਂ ਜ਼ਿਆਦਾ ਚਾਰਜ ਕੀਤੀਆਂ ਜਾਂਦੀਆਂ ਹਨ) ਜਾਂ www.childcareapprovalscheme.co.uk ਦੇਖੋ।

## ਜੇ ਤੁਹਾਡਾ ਬੱਚਾ ਅਪੰਗ ਹੈ ਜਾਂ
## ਉਸਦੀਆਂ ਵਿਸ਼ੇਸ਼ ਸਿੱਖਿਆ ਲੋੜਾਂ ਹਨ

ਸਾਰੇ ਬਾਲ ਸੰਭਾਲਕਾਂ ਨੂੰ ਲਾਜ਼ਮੀ ਤੌਰ ਤੇ ਡਿਸਏਬਲਟੀ ਡਿਸਕਰਿਮੀਨੇਸ਼ਨ ਐਕਟ 1995 (Disability Discrimination Act 1995) ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਅਪੰਗ ਬੱਚਿਆਂ ਨੂੰ ਸ਼ਾਮਲ ਕਰਨ ਵਾਸਤੇ 'ਜਾਇਜ਼ ਅਨੁਕੂਲਤਾਵਾਂ' ਕਰਨੀਆਂ ਚਾਹੀਦੀਆਂ ਹਨ। ਉਹਨਾਂ ਨੂੰ ਲਾਜ਼ਮੀ ਤੌਰ ਤੇ ਕਿਸੇ ਅਪੰਗ ਬੱਚੇ ਨਾਲ ਕਿਸੇ ਹੋਰ ਨਾਲੋਂ ਕੇਵਲ ਉਹਨਾਂ ਦੀ ਅਪੰਗਤਾ ਨਾਲ ਜੁੜੇ ਕਿਸੇ ਕਾਰਨ ਕਰਕੇ 'ਘੱਟ ਪਸੰਦੀਦਾ' ਤਰੀਕੇ ਨਾਲ ਵਿਵਹਾਰ ਨਹੀਂ ਕਰਨਾ ਚਾਹੀਦਾ।

• ਜ਼ਿਆਦਾਤਰ ਸ਼ੁਰੂਆਤੀ ਸਾਲਾਂ ਸਥਾਪਨਾਵਾਂ / ਪ੍ਰਦਾਨਕਾਂ ਕੋਲ ਇੱਕ ਸਪੈਸ਼ਲ ਐਜੁਕੇਸ਼ਨਲ ਨੀਡਜ ਕੋ-ਆਰਡੀਨੇਟਰ (SENCO) ਹੁੰਦਾ ਹੈ, ਜਿਹੜਾ ਇਹ ਵਿਚਾਰ ਵਟਾਂਦਰਾ ਕਰਨ ਦੇ ਯੋਗ ਹੋਵੇਗਾ ਕਿ ਉਸ ਵਿਸ਼ੇਸ਼ ਸਥਾਪਨਾ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਕੀ ਸਹੀ ਹੈ।

• ਕਿਸੇ ਪਰਿਵਾਰ, ਸਵੈ-ਸੇਵੀ ਸੰਸਥਾ ਨਾਲ ਸੰਪਰਕ ਕਰੋ ਜਿਹੜੇ ਕਿ ਅਪੰਗ ਬੱਚਿਆਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਦੇ ਹਨ। ਤੁਸੀਂ ਆਪਣੇ ਖੇਤਰ ਦੇ ਹੋਰ ਮਾਪਿਆਂ ਨਾਲ ਆਪਣੀਆਂ ਲੋੜਾਂ ਤੇ ਵਿਚਾਰ ਕਰ ਸਕਦੇ ਹੋ, ਉਹਨਾਂ ਦੀ ਹੈਲਪਲਾਈਨ ਤੁਹਾਨੂੰ ਉਹਨਾਂ ਦੇ ਸੰਪਰਕ ਵਿੱਚ ਲਿਆ ਸਕਦੀ ਹੈ (**0808 808 3555** ਤੇ ਕਾਲ ਕਰੋ)।

• ਸ਼ੁਰੂਆਤੀ ਸਹਾਇਤਾ ਪ੍ਰੋਗਰਾਮ (The Early Support Programme) ਅਪੰਗ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਵਾਸਤੇ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਇੱਕ ਸਰਕਾਰੀ ਪਹਿਲ ਹੈ, ਇਹ ਖਾਸ ਕਰਕੇ ਤਿੰਨ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਵਾਸਤੇ ਹੈ। ਇੱਕ ਸ਼ੁਰੂਆਤੀ ਸਹਾਇਤਾ ਪਰਿਵਾਰਕ ਪੈਕ (Early Support Family Pack) ਵਾਸਤੇ DfES ਪ੍ਰਕਾਸ਼ਨ ਨੂੰ **084560 222 60** ਤੇ ਕਾਲ ਕਰੋ, **ESPP1** ਹਵਾਲਾ ਦਿਓ। ਜਿਆਦਾ ਜਾਣਕਾਰੀ ਵਾਸਤੇ **www.espp.org.uk** ਦੇਖੋ।

### ਫੰਡ ਸਹਾਇਤਾ

ਪੰਨਾ 16 ਤੇ ਦਿੱਤੀ ਗਈ ਵਿੱਤੀ ਸਹਾਇਤਾ ਤੋਂ ਬਿਨਾਂ, ਇਹ ਨਾ ਭੁੱਲੋ ਕਿ ਕਿਸੇ ਅਪੰਗ ਬੱਚੇ ਦਾ ਮਾਂ-ਬਾਪ ਬਾਲ ਸੰਭਾਲ ਦੇ ਖਰਚੇ ਹੇਠ ਲਿਖਿਆਂ ਦੀ ਮਦਦ ਰਾਹੀਂ ਵੀ ਅਦਾ ਕਰ ਸਕਦਾ ਹੈ :

• ਸਿੱਧੀਆਂ ਅਦਾਇਗੀਆਂ — ਤੁਹਾਡੀ ਸਥਾਨਕ ਅਥਾਰਟੀ ਦੁਆਰਾ ਦਿੱਤੀਆ ਜਾਣ ਵਾਲੀਆਂ ਇਹ ਰੋਕੜਾ ਅਦਾਇਗੀਆਂ ਅਪੰਗ ਬੱਚਿਆਂ ਦੇ ਮਾਪਿਆਂ ਵਾਸਤੇ ਆਪਣੇ ਤੌਰ ਤੇ ਸਹਾਇਤਾ ਬਾਲ ਸੰਭਾਲ ਖਰੀਦਣ ਵਾਸਤੇ ਹਨ। 'ਸਿੱਧੀਆਂ ਅਦਾਇਗੀਆਂ ਵਾਸਤੇ ਮਾਪਿਆਂ ਲਈ ਇੱਕ ਗਾਈਡ' ਦੀ ਇੱਕ ਕਾਪੀ ਮੰਗਾਉਣ ਵਾਸਤੇ **08701 555 455** ਤੇ ਕਾਲ ਕਰੋ (**31762 ਹਵਾਲਾ ਦਿਓ**)।

• ਬਾਲ ਟੈਕਸ ਜਮ੍ਹਾਂ ਵਿੱਚ ਅਪੰਗ ਬੱਚਿਆਂ ਵਾਸਤੇ ਵਾਧੂ ਰਕਮ ਸ਼ਾਮਲ ਹੋ ਸਕਦੀ ਹੈ। ਕੰਮਕਾਜੀ ਟੈਕਸ ਜਮ੍ਹਾਂ ਵਿੱਚ ਬਾਲ ਸੰਭਾਲ ਖਰਚਿਆਂ ਵਾਸਤੇ ਮਦਦ ਸ਼ਾਮਲ ਹੋ ਸਕਦੀ ਹੈ। ਸਲਾਹ ਵਾਸਤੇ ਜਾਂ ਦਾਅਵਾ ਫਾਰਮ ਵਾਸਤੇ **0845 300 3900** ਤੇ ਕਾਲ ਕਰੋ।

• ਨਵੀਂ ਬਾਲ ਸੰਭਾਲ ਮਨਜ਼ੂਰੀ ਯੋਜਨਾ ਰਾਹੀਂ — ਕੰਮ ਕਾਜੀ ਮਾਪੇ ਹੁਣ ਮਾਨਤਾ ਪ੍ਰਾਪਤ ਘਰੇਲੂ ਬਾਲਸੰਭਾਲ ਵਾਸਤੇ ਅਦਾਇਗੀ ਕਰਨ ਵਿੱਚ ਮਦਦ ਲਈ ਵਿੱਤੀ ਸਹਾਇਤਾ ਦੇ ਯੋਗ ਹੋ ਸਕਦੇ ਹਨ (ਪੰਨਾ 11)।

• ਤੁਹਾਡੀ ਬਾਲ ਜਾਣਕਾਰੀ ਸੇਵਾ (CIS) - ਉਹ ਅਪੰਗ ਬੱਚਿਆਂ ਵਾਸਤੇ ਬਾਲ ਸੰਭਾਲ ਖਰਚਿਆਂ ਦੀ ਪੂਰਤੀ ਕਰਨ ਵਿੱਚ ਮਦਦ ਵਾਸਤੇ ਸਥਾਨਕ ਪ੍ਰਬੰਧਾਂ ਬਾਰੇ ਜਾਣਦੇ ਹੋ ਸਕਦੇ ਹਨ (**0800 096 02 96** ਤੇ ਕਾਲ ਕਰੋ)।

### ਤੁਹਾਡੇ ਬੱਚੇ ਦੀਆਂ ਲੋੜਾਂ : ਪੁੱਛੇ ਜਾਣ ਵਾਸਤੇ ਪ੍ਰਸ਼ਨ

ਅਮਲੇ ਨੇ ਕੀ ਯੋਗਤਾਵਾਂ ਅਤੇ / ਜਾਂ ਸਿਖਲਾਈ ਹਾਸਲ ਕੀਤੀ ਹੈ, ਅਤੇ ਕੀ ਉਹ ਬੱਚਿਆਂ ਨਾਲ ਸਬੰਧਤ ਹਨ?

ਕੀ ਤੁਹਾਡੇ ਬੱਚੇ ਨੂੰ ਵਾਧੂ ਮਦਦ ਦੀ ਲੋੜ ਹੈ - ਕੀ ਅਮਲਾ (ਅਤੇ / ਜਾਂ ਕੋਈ ਸਿਹਤ ਪੇਸ਼ੇਵਰ ਜੇਕਰ ਢੁਕਵਾਂ ਹੋਵੇ) ਤੁਹਾਡੇ ਵਾਸਤੇ ਉਹਨਾਂ ਨੂੰ ਇਹ ਦਿਖਾਉਣ ਵਾਸਤੇ ਰਾਜ਼ੀ ਹੈ ਕਿ ਉਹ (ਤੁਹਾਡਾ ਬੱਚਾ) ਆਪਣੀਆਂ ਲੋੜਾਂ ਦਾ ਧਿਆਨ ਕਿਵੇਂ ਰੱਖੇ ?

ਕੀ ਉਹ ਵਿਹਾਰਕ ਸਹਾਇਤਾ ਦੇਣ ਵਾਸਤੇ ਤਿਆਰ ਅਤੇ ਯੋਗ ਹਨ (ਉਦਾਹਰਨ ਲਈ ਨਿੱਜੀ ਸੰਭਾਲ ਵਿੱਚ)? ਕੀ ਇਮਾਰਤ ਪਹੁੰਚਣਯੋਗ ਹੈ?

ਕੀ ਇਮਾਰਤ ਵਾਸਤੇ ਸਰੀਰਕ ਅਨੁਕੂਲਤਾਵਾਂ ਦੀ ਜਰੂਰਤ ਹੈ?

ਕੀ ਸਾਜ-ਸਾਮਾਨ ਜ਼ਰੂਰੀ ਹੈ?

ਕੀ ਸੰਭਾਲਕ ਇਹ ਦਿਖਾਏ ਜਾਣ ਵਾਸਤੇ ਰਾਜ਼ੀ ਹਨ ਕਿ ਦਵਾਈ ਕਿਵੇਂ ਦੇਣੀ ਹੈ? ਕੀ ਉਹਨਾਂ ਨੇ ਸਬੰਧਤ ਬੀਮਾ ਕਰਵਾਇਆ ਹੈ?

### ਜ਼ਿਆਦਾ ਜਾਣਕਾਰੀ ਵਾਸਤੇ...

• ਚਾਈਲਡਕੇਅਰਲਿੰਕ ਨੂੰ ਚੌਣਕਤਿਆਂ ਵਾਸਤੇ, ਜਿੰਨ੍ਹਾਂ ਵਿੱਚ ਬਾਲ ਸੰਭਾਲਕ, ਨਰਸਰੀਆਂ ਆਦਿ ਸ਼ਾਮਲ ਹਨ, ਜਿਹੜੇ ਅਪੰਗ ਜਾਂ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਬੱਚਿਆਂ ਵਾਸਤੇ ਚੰਗੀ ਸੰਭਾਲ ਪ੍ਰਦਾਨ ਕਰ ਸਕਦੇ ਹਨ, **0800 096 02 96** ਤੇ ਕਾਲ ਕਰੋ

• ਤੁਹਾਡੇ ਸਥਾਨਕ ਸਮਾਜਕ ਸੇਵਾਵਾਂ ਵਿਭਾਗਾਂ ਨੂੰ ਥੋੜੇ ਸਮੇਂ ਦੀਆਂ ਬਰੇਕਾਂ, ਸਿੱਧੀਆਂ ਅਦਾਇਗੀਆਂ, ਅਪੰਗ ਬੱਚਿਆਂ ਵਾਸਤੇ ਬਾਲਸੰਭਾਲ, ਅਤੇ ਵੱਡੀ ਉਮਰ ਦੇ ਅਪੰਗ ਬੱਚਿਆਂ ਲਈ ਖੇਡ ਅਤੇ ਵਿਹਲੇ ਸਮੇਂ ਦੀਆਂ ਸੇਵਾਵਾਂ ਵਾਸਤੇ, ਸੰਪਰਕ ਕਰੋ

• ਬਾਲਸੰਭਾਲ ਪ੍ਰਦਾਨਕ, ਸਾਜ-ਸਾਮਾਨ ਦੇ ਖਰਚਿਆਂ, ਅਮਲੇ ਦੀ ਸਿਖਲਾਈ, ਅਤੇ ਅਨੁਕੂਲਨ ਸੁਵਿਧਾਵਾਂ ਅਤੇ ਚਾਰਦੀਵਾਰੀ ਵਿੱਚ ਮਦਦ ਵਾਸਤੇ (ਉਦਾਹਰਨ ਲਈ ਪਹੀਆਂ ਵਾਲੀ ਕੁਰਸੀ ਦੀ ਪਹੁੰਚ ਨੂੰ ਯੋਗ ਬਣਾਉਣਾ) ਸ਼ਿਓਰ ਸਟਾਰਟ ਫੰਡਾਂ ਬਾਰੇ ਜਾਨਣ ਲਈ ਆਪਣੀ ਸਥਾਨਕ ਅਥਾਰਟੀ ਨੂੰ ਸੰਪਰਕ ਕਰ ਸਕਦੇ ਹਨ।

• ਸਿਖਲਾਈ ਪ੍ਰਾਪਤ ਸਹਾਇਤਾ ਕਾਰਕੁਨਾਂ ਸਬੰਧੀ ਜਾਣਕਾਰੀ ਵਾਸਤੇ, ਜਿਹੜੇ ਕਿ ਤੁਹਾਡੇ ਘਰ ਵਿੱਚ ਆਉਣ ਦੇ ਯੋਗ ਹੋ ਸਕਦੇ ਹਨ ਅਤੇ ਤੁਹਾਨੂੰ ਇੱਕ ਬਰੇਕ ਦੇ ਸਕਦੇ ਹਨ, ਕਰਾਸਰੋਡਜ ਨੂੰ **0845 450 0350** ਤੇ ਕਾਲ ਕਰੋ।

• ਸਹੀ ਬਾਲਸੰਭਾਲ ਕਿਵੇਂ ਲੱਭਣੀ ਹੈ, ਵਾਧੂ ਸਹਾਇਤਾ ਵਾਸਤੇ ਅਦਾਇਗੀ ਕਿਵੇਂ ਕਰਨੀ ਹੈ ਅਤੇ ਮਦਦ ਵਾਸਤੇ ਕਿਸ ਵੱਲ ਦੇਖਣਾ ਹੈ, ਇਸ ਬਾਰੇ ਜਾਣਕਾਰੀ ਲੈਣ ਲਈ ਦੇਖੋ : www.surestart.gov.uk

• ਬਾਲ ਸੰਭਾਲ ਪ੍ਰਦਾਨਕਾਂ ਨਾਲ ਸਬੰਧਤ ਕਾਨੂੰਨੀ ਜਰੂਰਤਾਂ ਵਿੱਚ ਆਗਵਾਨੀ ਵਾਸਤੇ ਡਿਸਏਬਲਟੀ ਰਾਈਟਸ ਕਮਿਸ਼ਨ (Disability Rights Commission) ਨੂੰ **08457 622633** ਤੇ ਕਾਲ ਕਰੋ।

## ਇਹ ਕਿੰਨ੍ਹਾ ਕੁ ਮਹਿੰਗਾ ਪਵੇਗਾ? (HOW MUCH WILL IT COST?)

ਪਹਿਲੀ ਵਾਰ ਬਾਲ ਸੰਭਾਲ ਵਾਸਤੇ ਅਦਾਇਗੀ ਕਰਨਾ ਬੜਾ ਹੌਂਸਲਾ ਢਾਊ ਹੋ ਸਕਦਾ ਹੈ - ਤੁਸੀਂ ਜਾਣਦੇ ਹੋ ਕਿ ਤੁਹਾਡੇ ਕੋਲ ਚੌਣਕਤੇ ਹਨ, ਪਰ ਉਹ ਕਿਸੇ ਕੀਮਤ ਤੇ ਹੀ ਮਿਲਦੇ ਹਨ, ਠੀਕ? ਏਥੇ ਆਕੇ ਅਗਲਾ ਖੰਡ ਤੁਹਾਡੀ ਮਦਦ ਕਰ ਸਕਦਾ ਹੈ। ਅਸੀਂ ਸਾਰੇ ਵੱਖੋ-ਵੱਖਰੀ ਬਾਲਸੰਭਾਲ ਦੇ ਖਰਚਿਆਂ ਦੀ ਤੁਲਨਾ ਕਰਦੇ ਹਾਂ, ਪਰ ਜਿਉਂ ਜਿਉਂ ਤੁਸੀਂ ਪੜ੍ਹਦੇ ਜਾਂਦੇ ਹੋ, ਤੁਸੀਂ ਇਹਨਾਂ ਦੇ ਖਰਚਿਆਂ ਵਿੱਚ ਮਦਦ ਲਈ ਤੁਹਾਨੂੰ ਮਿਲ ਸਕਣ ਵਾਲੀ ਵਿੱਤੀ ਸਹਾਇਤਾ ਦੇ ਸੋਮਿਆਂ ਬਾਰੇ ਵੀ ਜਾਣਕਾਰੀ ਦੇਖੋਗੇ, ਜਿਸ ਵਿੱਚ ਸਭ ਤੋਂ ਮਹੱਤਵਪੂਰਨ ਟੈਕਸ ਜਮ੍ਹਾਂ ਵੀ ਸ਼ਾਮਲ ਹਨ ਜੋ ਕਿ ਤੁਹਾਡੇ ਬੈਂਕ ਬੈਲੈਂਸ ਵਿੱਚ ਵੱਡਾ ਅੰਤਰ ਪਾ ਸਕਦੇ ਹਨ। ਜੇ ਬਾਲ ਸੰਭਾਲ ਤੁਹਾਡੇ ਪਰਿਵਾਰ ਵਾਸਤੇ ਸ਼ੁਰੂ ਹੋਣ ਵਾਲੀ ਹੈ ਤਾਂ ਤੁਹਾਡੇ ਕੋਲ ਇਸਦੇ ਪਾਰ ਲੱਗਣ ਲਈ ਕਾਫੀ ਪੈਸੇ ਹੋਣੇ ਚਾਹੀਦੇ ਹਨ, ਇਸ ਕਰਕੇ ਇਹ ਜਾਨਣਾ ਜਰੂਰੀ ਹੈ ਕਿ ਕਦੋਂ ਅਤੇ ਕਿਵੇਂ ਅਰਜ਼ੀ ਦੇਣੀ ਹੈ।

**ਜਿਆਦਾ ਜਾਣਕਾਰੀ ਵਾਸਤੇ...**ਅੰਦਰੂਨੀ ਮਾਲੀਆ ਟੈਕਸ ਜਮ੍ਹਾ ਹੈਲਪਲਾਈਨ (Inland Revenue Tax Credit Helpline) ਨੂੰ **0845 300 3900** ਤੇ ਕਾਲ ਕਰੋ ਜਾਂ ਤੁਹਾਡੇ ਹੱਕਾਂ ਵਾਸਤੇ ਅਤੇ ਬਾਲ ਸੰਭਾਲ ਦੇ ਖਰਚਿਆਂ ਵਾਸਤੇ ਤੁਸੀਂ ਮਦਦ ਕਿਵੇਂ ਲੈ ਸਕਦੇ ਹੋ, ਬਾਰੇ ਸਲਾਹ ਵਾਸਤੇ www.taxcredits.inlandrevenue.gov.uk ਦੇਖੋ।

### ਖਰਚਿਆਂ ਵਿੱਚ ਮਦਦ

ਬਾਲਸੰਭਾਲ ਵਾਸਤੇ ਅਦਾਇਗੀ ਕਰਨਾ, ਤੁਹਾਡੀ ਪਰਿਵਾਰਕ ਆਮਦਨ ਵਿੱਚੋਂ ਇੱਕ ਵੱਡਾ ਹਿੱਸਾ ਖਾ ਸਕਦਾ ਹੈ। ਪਰ ਫਿਰ ਵੀ ਕਿਸੇ ਵੀ ਚੌਣਕਤੇ ਨੂੰ ਓਦੋਂ ਤੱਕ ਰੱਦ ਨਾ ਕਰੋ ਜਦੋਂ ਤੱਕ ਤੁਸੀਂ ਇਹ ਨਾ ਜਾਣ ਜਾਵੋਂ ਕਿ ਕੀ ਵਿੱਤੀ ਸਹਾਇਤਾ ਉਪਲਬਧ ਹੈ। ਉਹਨਾਂ ਭੱਤਿਆਂ ਨੂੰ ਵੀ ਗਿਣਤੀ ਮਿਣਤੀ ਵਿੱਚ ਸ਼ਾਮਲ ਕਰੋ ਜਿੰਨ੍ਹਾਂ ਦਾ ਤੁਸੀਂ ਦਾਅਵਾ ਕਰ ਸਕਦੇ ਹੋ, ਦੇਖੋ ਪੰਨਾ 20.

### ਤਿੰਨ ਅਤੇ ਚਾਰ ਸਾਲਾਂ ਬੱਚਿਆਂ ਵਾਸਤੇ

ਜੇ ਤੁਹਾਡਾ ਬੱਚਾ ਤਿੰਨ ਜਾਂ ਚਾਰ ਸਾਲਾਂ ਦਾ ਹੈ ਤਾਂ ਉਹ ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ ਦੇ ਹੱਕਦਾਰ ਹਨ ਜਿਹੜੀ ਕਿ ਉਹਨਾਂ ਦੇ ਤੀਜੇ ਜਨਮ ਦਿਨ ਦੇ ਬਾਅਦ ਆਉਣ ਵਾਲੀ ਕੌਮੀ ਤੌਰ ਤੇ ਨਿਰਧਾਰਤ ਟਰਮ ਤੋਂ ਸ਼ੁਰੂ ਹੋਵੇਗੀ।

### ਇਕੱਲੇ ਮਾਪਿਆਂ ਵਾਸਤੇ

ਜੇ ਤੁਹਾਨੂੰ ਕੰਮ ਲੱਭਣ, ਨੌਕਰੀ ਸਿਖਲਾਈ ਜਾਂ ਬਾਲ ਸੰਭਾਲ ਵਿੱਚ ਮਦਦ ਚਾਹੀਦੀ ਹੈ ਤਾਂ ਇਕੱਲੇ ਮਾਪਿਆਂ ਵਾਸਤੇ ਨਿਊ ਡੀਲ ਮਦਦ ਕਰ ਸਕਦੀ ਹੈ। **0800 868 868** ਤੇ ਕਾਲ ਕਰੋ।

### ਵਿਸ਼ੇਸ਼ ਹਾਲਾਤਾਂ ਵਾਸਤੇ

ਅਪੰਗਤਾ ਦੇ ਦਿਨ ਪ੍ਰਤੀ ਦਿਨ ਦੇ ਖਰਚਿਆਂ ਨੂੰ ਸਹਿਣਾ : ਇਹ ਯਕੀਨੀ ਬਣਾਓ ਕਿ ਤੁਸੀਂ ਹਰੇਕ ਦਿਨ ਦੇ ਰਹਿਣ-ਸਹਿਣ ਦੇ ਖਰਚਿਆਂ ਵਿੱਚ ਮਦਦ ਲਈ ਸਾਰੇ ਭੱਤਿਆਂ ਵਾਸਤੇ ਦਾਅਵਾ ਕਰ ਰਹੇ ਹੋ। ਅਪੰਗਤਾ ਰਹਿਣ-ਸਹਿਣ ਭੱਤਾ (Disability Living Allowance) ਅਤੇ ਹੋਰ ਫਾਇਦਿਆਂ ਵਾਸਤੇ, ਅਪੰਗਤਾ ਫਾਇਦੇ ਹੈਲਪਲਾਈਨ (Disability Benefits Helpline) ਨੂੰ **0800 88 22 00** ਤੇ ਕਾਲ ਕਰੋ।

## ਟੈਕਸ ਜਮ੍ਹਾਂ

ਆਪਣੇ ਹਾਲਾਤਾਂ ਅਨੁਸਾਰ ਦਸਾਂ ਵਿੱਚੋਂ ਨੌ ਪਰਿਵਾਰ ਵਿੱਤੀ ਸਹਾਇਤਾ ਵਾਸਤੇ ਯੋਗ ਹਨ। ਸੋ ਉਹ ਮਾਪਿਆਂ ਨੂੰ ਕੀ ਪੇਸ਼ਕਸ਼ ਕਰਦੇ ਹਨ?

### ਬਾਲ ਟੈਕਸ ਜਮ੍ਹਾਂ (Child Tax Credit)

ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, 58,000 ਪੌਂਡ ਤੱਕ ਦੀ ਆਮਦਨ ਵਾਲੇ ਪਰਿਵਾਰ (ਜਾਂ 66,000 ਪੌਂਡ ਜੇਕਰ ਘੱਟੋ ਘੱਟ ਇੱਕ ਬੱਚਾ ਇੱਕ ਸਾਲ ਤੋਂ ਘੱਟ ਉਮਰ ਦਾ ਹੋਵੇ) ਆਪਣੇ ਹਾਲਾਤਾਂ ਅਨੁਸਾਰ ਇਸ ਵਾਸਤੇ ਯੋਗ ਹੋ ਸਕਦੇ ਹਨ। ਇਹ ਇੱਕ ਬੱਚੇ ਵਾਸਤੇ 32 ਪੌਂਡ ਪ੍ਰਤੀ ਹਫਤਾ ਤੱਕ ਹੁੰਦਾ ਹੈ ਅਤੇ ਜਿਆਦਾ ਬੱਚਿਆਂ ਅਨੁਸਾਰ ਜਿਆਦਾ ਹੁੰਦਾ ਜਾਂਦਾ ਹੈ। ਜੇ ਤੁਹਾਡਾ ਕੋਈ ਅਪੰਗਤਾ ਵਾਲਾ ਬੱਚਾ ਹੈ ਤਾਂ ਤੁਹਾਨੂੰ ਵਾਧੂ ਸਹਾਇਤਾ ਮਿਲ ਸਕਦੀ ਹੈ। ਇਹ ਸਿੱਧੇ ਤੁਹਾਡੇ ਬੈਂਕ ਖਾਤੇ ਵਿੱਚ ਅਦਾ ਕੀਤੀ ਜਾਵੇਗੀ।

### ਕੰਮਕਾਜੀ ਟੈਕਸ ਜਮ੍ਹਾਂ (Working Tax Credit)

ਇਹ ਘੱਟ ਆਮਦਨ ਵਾਲੇ ਲੋਕਾਂ ਵਾਸਤੇ ਇੱਕ ਭੱਤਾ ਹੈ ਅਤੇ ਇਸ ਵਿੱਚ ਬਾਲ ਸੰਭਾਲ ਦੇ ਖਰਚੇ ਸ਼ਾਮਲ ਹੋ ਸਕਦੇ ਹਨ। ਇਸਦੀ ਅਦਾਇਗੀ ਤੁਹਾਡੇ ਤਨਖਾਹ ਪੈਕਟ ਦੁਆਰਾ, ਤੁਹਾਡੀ ਤਨਖਾਹ ਦੀ (ਅਤੇ ਤੁਹਾਡੇ ਸਾਥੀ ਦੀ, ਜਿੱਥੇ ਢੁਕਵਾਂ ਹੋਵੇ) ਗਿਣਤੀ — ਮਿਣਤੀ ਕਰਕੇ ਕੀਤੀ ਜਾਂਦੀ ਹੈ, ਅਤੇ ਇਹ ਆਮ ਤੌਰ ਤੇ ਕੰਮਕਾਜੀ ਮਾਪਿਆਂ ਅਤੇ ਕੰਮ ਕਰਨ ਵਾਲੇ ਅਪੰਗ ਲੋਕਾਂ ਤੇ ਹੀ ਲਾਗੂ ਹੁੰਦਾ ਹੈ।

### ਕੰਮਕਾਜੀ ਟੈਕਸ ਜਮ੍ਹਾਂ ਦਾ ਬਾਲ ਸੰਭਾਲ ਅੰਸ਼ (Childcare Element of Working Tax Credit)

ਕੰਮਕਾਜੀ ਮਾਪਿਆਂ ਲਈ ਵਾਧੂ ਸਹਾਇਤਾ, ਕੰਮਕਾਜੀ ਟੈਕਸ ਜਮ੍ਹਾਂ ਦੇ ਬਾਲ ਸੰਭਾਲ ਅੰਸ਼ ਰਾਹੀਂ ਉਪਲਬਧ ਹੈ। ਇਸਦਾ ਵਿਸ਼ੇਸ਼ ਤੌਰ ਤੇ ਨਿਸ਼ਾਨਾ ਕੰਮਕਾਜੀ ਮਾਪਿਆਂ ਨੂੰ ਬਾਲ ਸੰਭਾਲ ਦੇ ਖਰਚਿਆਂ ਦੀ ਪੂਰਤੀ ਕਰਨ ਵਿੱਚ ਮਦਦ ਕਰਨਾ ਹੈ। ਕੁਝ ਨਿਸ਼ਚਤ ਹੱਦਾਂ ਤੱਕ ਤੁਸੀਂ ਪੰਜੀਕਿਰਤ ਜਾਂ ਮਾਨਤਾ ਪ੍ਰਾਪਤ ਬਾਲ ਸੰਭਾਲ ਤੇ ਖਰਚੇ ਹਰੇਕ 1 ਪੌਂਡ ਵਾਸਤੇ ਵੱਧ ਤੋਂ ਵੱਧ 70 ਪੈਨੀਆਂ ਦਾ ਦਾਅਵਾ ਕਰ ਸਕਦੇ ਹੋ। ਅਪਰੈਲ 2005 ਤੋਂ, ਹੱਦ 175 ਪੌਂਡ ਪ੍ਰਤੀ ਹਫਤਾ ਪ੍ਰਤੀ ਬੱਚਾ ਹੈ ਅਤੇ ਦੋ ਜਾਂ ਵੱਧ ਬੱਚਿਆਂ ਵਾਸਤੇ 300 ਪੌਂਡ ਹੈ। ਇਹ ਮੁੱਖ ਸੰਭਾਲਕ ਨੂੰ ਸਿੱਧੇ ਰੂਪ ਵਿੱਚ ਅਦਾ ਕੀਤੀ ਜਾਂਦੀ ਹੈ।

### ਯੋਗ ਹੋਣ ਲਈ :

- ਇਕੱਲੇ ਮਾਪਿਆਂ ਨੂੰ ਲਾਜ਼ਮੀ ਤੌਰ ਤੇ 16 ਜਾਂ ਜਿਆਦਾ ਘੰਟੇ ਕੰਮ ਕਰਨਾ ਚਾਹੀਦਾ ਹੈ
- ਜੋੜਿਆਂ ਵਿੱਚੋਂ ਦੋਨਾਂ ਨੂੰ ਲਾਜ਼ਮੀ ਤੌਰ ਤੇ 16 ਜਾਂ ਵੱਧ ਘੰਟਿਆਂ ਵਾਸਤੇ ਕੰਮ ਕਰਨਾ ਚਾਹੀਦਾ ਹੈ, ਜਾਂ ਜੇਕਰ ਇੱਕ ਸਾਥੀ 16 ਜਾਂ ਜਿਆਦਾ ਘੰਟੇ ਕੰਮ ਕਰਦਾ ਹੈ ਅਤੇ ਦੂਜਾ ਅਪੰਗਤਾ ਭੱਤਾ ਪ੍ਰਾਪਤ ਕਰਦਾ ਹੈ, ਜਾਂ ਹਸਪਤਾਲ ਜਾਂ ਜੇਲ੍ਹ ਵਿੱਚ ਹੈ
- ਜਿਸ ਬੱਚੇ ਦੀ ਤੁਸੀਂ ਸੰਭਾਲ ਕਰ ਰਹੇ ਹੋ ਉਹ ਸਕੂਲੀ ਉਮਰ ਦਾ ਹੈ ਜਾਂ ਇਸਤੋਂ ਘੱਟ ਉਮਰ ਦਾ ਹੈ

## ਅਪੰਗ ਬੱਚੇ ਦਾ ਲਾਭ-ਅੰਸ਼ (Disabled Child's Premium)

ਤੁਸੀਂ ਅਪੰਗ ਬੱਚੇ ਦੇ ਲਾਭ-ਅੰਸ਼ ਵਾਸਤੇ ਯੋਗ ਹੋ ਸਕਦੇ ਹੋ, ਯੋਗ ਹੋਣ ਦਾ ਸਬੂਤ ਆਮ ਤੌਰ ਤੇ ਅਪੰਗਤਾ ਰਹਿਣ-ਸਹਿਣ ਭੱਤਾ ਲੈਂਦੇ ਹੋਣਾ ਹੈ।

ਦਿਨੋਂ ਦਿਨ ਜਿਆਦਾ ਤੋਂ ਜਿਆਦਾ ਮਾਲਕ ਆਪਣੇ ਕਰਮਚਾਰੀਆਂ ਨੂੰ ਕਿਸੇ ਕਿਸਮ ਦੀ ਬਾਲ ਸੰਭਾਲ ਮਦਦ ਪ੍ਰਦਾਨ ਕਰ ਰਹੇ ਹਨ।

### ਮਾਲਕ ਦੇ ਬਾਲ ਸੰਭਾਲ ਵਾਊਚਰ

ਮਾਲਕ ਵੱਲੋਂ ਮੁਹੱਈਆ ਕੀਤੇ ਗਏ ਬਾਲ ਸੰਭਾਲ ਵਾਊਚਰ ਉਹ ਵਾਊਚਰ ਹੁੰਦੇ ਹਨ ਜਿਹੜੇ ਤੁਹਾਡਾ ਮਾਲਕ ਤੁਹਾਨੂੰ ਤੁਹਾਡੇ ਬਾਲ ਸੰਭਾਲ ਪ੍ਰਦਾਨਕ ਨੂੰ ਅਦਾਇਗੀ ਕਰਨ ਵਾਸਤੇ ਵਰਤੋਂ ਕਰਨ ਲਈ ਦੇ ਸਕਦਾ ਹੈ। ਤੁਹਾਨੂੰ ਮਿਲਣ ਵਾਲੇ ਕਿਸੇ ਵੀ ਵਾਊਚਰ ਦੇ ਪਹਿਲੇ 50 ਪੌਂਡ ਪ੍ਰਤੀ ਹਫਤਾ ਟੈਕਸ ਅਤੇ ਕੌਮੀ ਬੀਮਾ ਚੰਦਿਆਂ (National Insurance Contributions) ਤੋਂ ਮੁਕਤ ਹਨ ਜੇਕਰ ਵਾਊਚਰ ਕੇਵਲ ਪੰਜੀਕਿਰਤ ਜਾਂ ਮਾਨਤਾ ਪ੍ਰਾਪਤ ਬਾਲ ਸੰਭਾਲ ਵਾਸਤੇ ਅਦਾਇਗੀ ਕਰਨ ਲਈ

ਵਰਤਿਆ ਜਾਂਦਾ ਹੈ ਅਤੇ ਤੁਹਾਡੇ ਮਾਲਕ ਦੀ ਯੋਜਨਾ ਉਸਦੇ ਸਾਰੇ ਕਰਮਚਾਰੀਆਂ ਲਈ ਸਾਧਾਰਨ ਤੌਰ ਤੇ ਉਪਲਬਧ ਹੈ। ਮਾਲਕ ਦੇ ਬਾਲ ਸੰਭਾਲ ਵਾਊਚਰਾਂ ਅਤੇ 'ਕਰਮਚਾਰੀਆਂ ਵਾਸਤੇ ਬਾਲ ਸੰਭਾਲ ਵਾਊਚਰ' ਤੱਥਸ਼ੀਟ ਦੀ ਇੱਕ ਕਾਪੀ ਵਾਸਤੇ **www.daycaretrust.org.uk** ਦੇਖੋ।

**ਜਿਆਦਾ ਜਾਣਕਾਰੀ ਵਾਸਤੇ...**ਕੀ ਤੁਸੀਂ ਮਦਦ ਦੇ ਯੋਗ ਹੋ, ਜਾਨਣ ਲਈ ਅੰਦਰੂਨੀ ਮਾਲੀਆ ਟੈਕਸ ਜਮ੍ਹਾਂ ਹੈਲਪਲਾਈਨ ਨੂੰ 0845 300 3900 ਤੇ ਕਾਲ ਕਰੋ, ਜਾਂ www.taxcredits.inlandrevenue.gov.uk/HomeIR.aspx ਦੇਖੋ।

## ਇਹ ਕਿੰਨਾ ਕੁ ਮਹਿੰਗਾ ਪਵੇਗਾ? (HOW MUCH WILL IT COST?)

ਤੱਥ ਅਤੇ ਅੰਕੜੇ ਇੱਕ ਆਮ ਝਲਕ ਦਿੰਦੇ ਹਨ, ਪਰ ਤੁਸੀਂ ਦੇਖੋਗੇ ਕਿ ਖਰਚੇ ਸਾਰੇ ਦੇਸ਼ ਵਿੱਚ ਭਿੰਨ ਭਿੰਨ ਹਨ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇਹਨਾਂ ਅੰਕੜਿਆਂ ਦੀ ਸਥਾਨਕ ਤੌਰ ਤੇ ਜਾਂਚ ਕਰੋ।

| ਬਾਲ ਸੰਭਾਲ ਜਾਂ ਸ਼ੁਰੂਆਤੀ ਸਿੱਖਿਆ ਦੀ ਕਿਸਮ | ਕਿੱਥੇ? | ਉਮਰ ਗਰੁੱਪ | ਖਰਚੇ | ਮੁਫਤ ਸ਼ੁਰੂਆਤੀ ਸਿੱਖਿਆ ਦੀ ਪੇਸ਼ਕਸ਼ | ਕੰਮਕਾਜੀ ਟੈਕਸ ਜਮ੍ਹਾਂ* | ਖੁੱਲ੍ਹਣ ਦੇ ਸਮੇਂ | ਕੀ ਉਹ ਆਫਸਟੈਂਡ ਦੁਆਰਾ ਪੰਜੀਕਿਰਤ ਹਨ? | ਹੋਰ ਕੋਈ ਸਲਾਹ |
|---|---|---|---|---|---|---|---|---|
| ਬਾਲ ਸੰਭਾਲਕ | ਜਿਆਦਾਤਰ ਬਾਲ ਸੰਭਾਲਕ ਦੇ ਆਪਣੇ ਹੀ ਘਰ ਵਿੱਚ | ਕੋਈ ਵੀ | ਔਸਤਨ 2.50 ਪੌਂਡ ਪ੍ਰਤੀ ਘੰਟਾ ਪ੍ਰਤੀ ਬੱਚਾ ਪਰ 1.85 ਪੌਂਡ ਤੋਂ ਲੈਕੇ 6 ਪੌਂਡ ਤੱਕ ਕੁਝ ਵੀ | ਹਾਂ, ਜੇਕਰ ਕਿਸੇ ਬਾਲਸੰਭਾਲਨ ਨੈਟਵਰਕ ਦਾ ਹਿੱਸਾ ਹੋਵੇ | * | ਲਚਕਦਾਰ, ਪਰ ਜਿਆਦਾਤਰ ਬਹੁਤਾਤ 8 ਵਜੇ ਸਵੇਰ ਤੋਂ ਸ਼ਾਮ 6 ਵਜੇ ਤੱਕ ਕੰਮ ਕਰਦੀ ਹੈ | ਹਾਂ, ਜੇਕਰ ਉਹ ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸੰਭਾਲ ਕਰਦੇ ਹਨ | ਦੋ ਸਾਲ ਤੋਂ ਘੱਟ ਉਮਰ ਦੇ ਕਿਸੇ ਬੱਚੇ ਵਾਸਤੇ ਕਿਸੇ ਪੂਰੇ ਸਮੇਂ ਦੇ ਸਥਾਨ ਦਾ ਰਵਾਇਤੀ ਖਰਚਾ 127 ਪੌਂਡ ਪ੍ਰਤੀ ਹਫਤਾ ਹੈ। ਤੁਹਾਨੂੰ ਘੰਟੇ, ਛੁੱਟੀ ਦੀ ਤਨਖਾਹ ਅਤੇ ਹੋਰ ਨਿਯਮਾਂ ਅਤੇ ਸ਼ਰਤਾਂ ਬਾਰੇ ਗੱਲਬਾਤ ਕਰਕੇ ਕਿਸੇ ਇਕਰਾਰਨਾਮੇ ਵਿੱਚ ਲਿਖਣ ਦੀ ਲੋੜ ਹੋਵੇਗੀ |
| ਨੈਨੀਆਂ ਅਤੇ ਹੋਰ ਘਰੇਲੂ ਬਾਲ ਸੰਭਾਲਕ | ਪਰਿਵਾਰ ਦੇ ਆਪਣੇ ਹੀ ਘਰ ਵਿੱਚ | ਕੋਈ ਵੀ | ਔਸਤਨ ਰੇਟ 2.50 ਪੌਂਡ ਤੋਂ ਲੈਕੇ 4.50 ਪੌਂਡ ਪ੍ਰਤੀ ਘੰਟਾ ਪ੍ਰਤੀ ਬੱਚਾ ਚਲਦਾ ਹੈ | ਨਹੀਂ | * | ਲਚਕਦਾਰ, ਅੰਸ਼ਕ ਸਮੇਂ ਵਾਸਤੇ ਕੰਮ ਕਰ ਸਕਦੇ ਹਨ ਜਾਂ ਤੁਹਾਡੇ ਘਰ ਵਿੱਚ ਵੀ ਰਹਿ ਸਕਦੇ ਹਨ | ਨਹੀਂ, ਪਰ ਉਹ ਬਾਲ ਸੰਭਾਲ ਮਨਜ਼ੂਰੀ ਸਕੀਮ ਤੋਂ ਮਾਨਤਾ ਪ੍ਰਾਪਤ ਹੋ ਸਕਦੇ ਹਨ | ਇੱਕ ਪੂਰੇ ਸਮੇਂ ਦਾ ਸਥਾਨ 127 ਪੌਂਡ ਤੋਂ - 400 ਪੌਂਡ ਤੱਕ ਪੈਂਦਾ ਹੈ। ਤੁਹਾਨੂੰ ਟੈਕਸ ਅਤੇ ਕੌਮੀ ਬੀਮਾ ਚੰਦੇ ਵੀ ਭਰਨੇ ਪੈਣਗੇ। ਅੰਦਰੂਨੀ ਮਾਲੀਆ, ਤੁਹਾਡੇ ਵਾਸਤੇ ਇਸਦੀ ਗਣਨਾ ਕਰੇਗਾ (0845 6070143 ਤੇ ਕਾਲ ਕਰੋ) |

| | | | | | | | | |
|---|---|---|---|---|---|---|---|---|
| ਦੈਨਿਕ ਨਰਸਰੀਆਂ | ਕੇਂਦਰ ਆਧਾਰਿਤ | 0-5 ਸਾਲ | ਪੂਰੇ ਸਮੇਂ ਦੇ ਹਫਤੇ ਵਾਸਤੇ 141 ਪੌਂਡ ਤੋਂ 197 ਪੌਂਡ ਤੱਕ | ਹਾਂ | * | ਅਕਸਰ ਸਵੇਰੇ 8:30 ਤੋਂ ਲੈਕੇ ਸ਼ਾਮ 7 ਵਜੇ ਤੱਕ ਹਫਤੇ ਦੇ ਕੰਮ ਵਾਲੇ ਦਿਨਾਂ ਤੇ, ਪਰ ਕਈ ਵਾਰ ਅੰਸ਼ਕ-ਸਮੇਂ, ਜਲਦੀ ਉਤਾਰ ਆਉਣਾ / ਲੇਟ ਲੈਣ ਜਾਣਾ, ਜਿਹੀਆਂ ਪੇਸ਼ਕਸ਼ਾਂ ਕਰ ਸਕਦੀਆਂ ਹਨ। | ਹਾਂ | ਜੇ ਤੁਹਾਡਾ ਬੱਚਾ ਤਿੰਨ ਜਾਂ ਚਾਰ ਸਾਲਾ ਹੈ ਤਾਂ ਫੀਸ ਘੱਟ ਹੋ ਸਕਦੀ ਹੈ ਕਿਉਂਕਿ ਉਹ ਮੁਫ਼ਤ ਅੰਸ਼ਕ-ਸਮੇਂ ਦੀ ਸ਼ੁਰੂਆਤੀ ਸਿੱਖਿਆ ਪੇਸ਼ਕਸ਼ ਵਾਸਤੇ ਯੋਗ ਹਨ (ਦੇਖੋ ਪੰਨਾ 5) |
| ਨਰਸਰੀ ਸਕੂਲ | ਕੇਂਦਰ ਆਧਰਿਤ | 2-5 ਸਾਲ | ਮੁਫਤ ਜੇਕਰ ਕਿਸੇ ਰਾਜਕੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਹੋਣ (ਖਾਣਿਆਂ ਅਤੇ ਯਾਤਰਾਵਾਂ ਨੂੰ ਛੱਡਕੇ) ਨਿੱਜੀ ਖੇਤਰ ਵਿੱਚ ਖਰਚੇ 800-1200 ਪੌਂਡ ਪ੍ਰਤੀ ਟਰਮ ਹਨ | ਹਾਂ | * | ਅਕਸਰ 9 ਵਜੇ ਸਵੇਰ ਤੋਂ ਸ਼ਾਮ 3:30 ਤੱਕ, ਕੇਵਲ ਟਰਮ ਸਮੇਂ ਦੌਰਾਨ, ਅੰਸ਼ਕ-ਸਮੇਂ ਲਈ ਜਾਣ ਦਾ ਚੌਣਕਤਾ (ਸਵੇਰ ਜਾਂ ਦੁਪਹਿਰ) ਆਮ ਹੈ | ਹਾਂ | ਸਕੂਲ ਆਧਾਰਤ ਨਰਸਰੀ ਸਕੂਲਾਂ ਵਾਸਤੇ ਤੁਹਾਨੂੰ ਅਦਾਇਗੀ ਕਰਨ ਦੀ ਲੋੜ ਪੈ ਸਕਦੀ ਹੈ, ਅਤੇ ਫੀਸ ਲੈਣ ਵਾਲੇ ਸਕੂਲਾਂ ਵਿਚਲੇ ਸਕੂਲ ਸ਼ੁਰੂਆਤੀ ਸਿੱਖਿਆ ਅਤੇ ਸੰਭਾਲ ਵਾਸਤੇ ਵਾਧੂ ਪੈਸੇ ਲੈ ਸਕਦੇ ਹਨ |
| ਪਹਿਲ ਸਕੂਲ ਅਤੇ ਖੇਡ ਗਰੁੱਪ | ਕੇਂਦਰ ਆਧਾਰਿਤ | 2-5 ਸਾਲ | 3-5 ਪੌਂਡ ਪ੍ਰਤੀ ਕਾਰਜ-ਕਾਲ | ਹਾਂ, ਜੇਕਰ ਸਬੰਧਤ ਸਮੇਂ ਵਾਸਤੇ ਪੰਜੀਕਰਨ ਹੋਵੇ | * | ਢਾਈ ਤੋਂ ਚਾਰ ਘੰਟਿਆਂ ਦੇ ਕਾਰਜ-ਕਾਲ, ਕੇਵਲ ਟਰਮ | ਹਾਂ | ਬਲਾਕ ਬੁਕਿੰਗ (ਉਦਾਹਰਨ ਲਈ ਅੱਧੀ ਟਰਮ ਵਾਸਤੇ ਪੇਸ਼ਗੀ ਪੈਸੇ ਭਰਨੇ ਪੈ ਸਕਦੇ ਹਨ) |

| | | | | | | | | |
|---|---|---|---|---|---|---|---|---|
| | | | | | | ਸਮੇਂ ਦੌਰਾਨ, ਰੋਜਾਨਾ ਜਾਂ ਹਫਤੇ ਦੇ ਕਈ ਦਿਨ | | |
| ਸ਼ਿਓਰ ਸਟਾਰਟ ਬਾਲ ਕੇਂਦਰ | ਕੇਂਦਰ ਆਧਾਰਿਤ | 0 – 5 ਸਾਲ | 141 – 197 ਪੌਂਡ ਪੂਰੇ ਸਮੇਂ ਦੇ ਹਫਤੇ ਵਾਸਤੇ ਪਰ ਇਹ ਹਾਲਾਤਾਂ ਅਨੁਸਾਰ ਭਿੰਨ ਭਿੰਨ ਹੋਵੇਗਾ | ਹਾਂ | * | ਹਫ਼ਤੇ ਵਿੱਚ ਪੰਜ ਦਿਨ ਅਤੇ ਸਾਲ ਵਿੱਚ 48 ਹਫਤੇ ਖੁੱਲ੍ਹੇ ਰਹਿੰਦੇ ਹਨ ਪਰ ਬਾਲ ਸੰਭਾਲ ਦੇ ਘੰਟਿਆਂ ਬਾਰੇ ਪੜਤਾਲ ਕਰਨ ਦੀ ਲੋੜ ਹੋਵੇਗੀ | ਹਾਂ | ਜੇ ਕੇਂਦਰ ਹੁਣੇ ਹੁਣੇ ਖੁੱਲ੍ਹੇ ਹਨ ਤਾਂ ਹੋ ਸਕਦਾ ਹੈ ਉਹਨਾਂ ਦੀ ਪੜਤਾਲ ਨਾ ਹੋਈ ਹੋਵੇ |
| ਸਕੂਲ ਆਧਾਰਿਤ ਸੰਭਾਲ | ਕੇਂਦਰ-ਆਧਾਰਿਤ | 5-11 ਸਾਲ, ਜੇਕਰ ਵਿਸ਼ੇਸ਼ ਲੋੜਾਂ ਹੋਣ ਤਾਂ 16 ਸਾਲ | ਬਾਅਦ ਸਕੂਲ ਕਲੱਬਾਂ ਵਾਸਤੇ 5 – 10 ਪੌਂਡ ਪ੍ਰਤੀ ਦਿਨ, ਨਾਸ਼ਤਾ ਕਲੱਬਾਂ ਵਾਸਤੇ 1 ਪੌਂਡ ਪ੍ਰਤੀ ਦਿਨ, ਛੁੱਟੀ ਸਥਾਨ ਵਾਸਤੇ ਲੱਗਭਗ 15 ਪੌਂਡ ਪ੍ਰਤੀ ਦਿਨ ਜਾਂ 75 ਪੌਂਡ ਪ੍ਰਤੀ ਹਫਤਾ | ਉਹਨਾਂ ਸਥਾਪਨਾਵਾਂ ਕੋਲ ਜਾਕੇ ਪੜਤਾਲ ਕਰੋ ਜਿੱਥੇ 3 - 4 ਸਾਲਾਂ ਬੱਚੇ ਹਾਜ਼ਰੀ ਭਰਦੇ ਹਨ | * | ਬਾਅਦ ਸਕੂਲ ਕਲੱਬਾਂ ਵਾਸਤੇ 3:30 ਸ਼ਾਮ ਤੋਂ ਲੈਕੇ 6 ਵਜੇ ਸ਼ਾਮ ਤੱਕ, ਨਾਸ਼ਤਾ ਕਲੱਬਾਂ ਵਾਸਤੇ 8 ਵਜੇ ਸਵੇਰ ਤੋਂ ਲੈਕੇ, ਛੁੱਟੀ ਕਲੱਬਾਂ ਵਾਸਤੇ 8:30 ਸਵੇਰ ਤੋਂ ਲੈਕੇ 6 ਵਜੇ ਸ਼ਾਮ ਤੱਕ | ਹਾਂ, ਜੇਕਰ ਉਹ ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਦੇਖਭਾਲ ਕਰਦੇ ਹਨ | ਨਿੱਜੀ ਸਕੂਲ ਤੋਂ ਬਾਹਰੀ ਕਲੱਬਾਂ ਜਿਆਦਾ ਪੈਸੇ ਲੈ ਸਕਦੀਆਂ ਹਨ। ਉਦਾਹਰਨ ਲਈ, ਨਿੱਜੀ ਛੁੱਟੀ ਕਲੱਬਾਂ ਵਾਸਤੇ ਲਗਭਗ 150 ਪੌਂਡ ਪ੍ਰਤੀ ਹਫਤੇ ਤੱਕ ਅਦਾਇਗੀ ਕਰਨ ਦੀ ਉਮੀਦ ਕਰੋ |

*** ਕੰਮ ਕਾਜੀ ਟੈਕਸ ਜਮ੍ਹਾਂ ਦਾ ਬਾਲ ਸੰਭਾਲ ਹਿੱਸਾ, ਪੰਜੀਕਿਰਤ ਜਾਂ ਮਾਨਤਾ ਪ੍ਰਾਪਤ ਬਾਲ ਸੰਭਾਲ ਸੇਵਾਵਾਂ ਵਾਸਤੇ ਲਾਗੂ ਹੁੰਦਾ ਹੈ - ਦੇਖੋ ਪੰਨਾ 16**

## ਕੰਮ ਅਤੇ ਪਰਿਵਾਰ ਨੂੰ ਸੰਤੁਲਿਤ ਕਰਨਾ (Balancing Family and Work)

ਤਨਖਾਹ ਵਾਲੀ ਨੌਕਰੀ ਸ਼ੁਰੂ ਕਰਨ ਦੀ ਤਿਆਰੀ ਕਰਨਾ ਜਾਂ ਕੰਮ ਜਾਂ ਪੜ੍ਹਾਈ ਮੁੜ ਤੋਂ ਸ਼ੁਰੂ ਕਰਨਾ ਚੁਣੌਤੀ ਭਰਿਆ ਸਮਾਂ ਹੋ ਸਕਦਾ ਹੈ ਜਦੋਂ ਤੁਹਾਡੇ ਕੋਲ ਨੰਨਾ ਜਿਹਾ ਪਰਿਵਾਰ ਹੋਵੇ। ਆਪਣੇ ਕਿਸੇ ਵੀ ਕਿਸਮ ਦੇ ਹੱਕ ਨਾ ਛੱਡੋ (ਚਾਹੇ ਤੁਸੀਂ ਕੰਮ ਕਰ ਰਹੇ ਹੋ ਅਤੇ ਮੰਮੀ ਬਣਨ ਵਾਲੇ ਹੋ) ਜਾਂ ਆਪਣੇ ਮਾਲਕ ਜਾਂ ਕਾਲਜ ਨੂੰ ਉਹਨਾਂ ਵੱਲੋਂ ਪੇਸ਼ਕਸ਼ ਕੀਤੀ ਜਾਂਦੀ ਬਾਲ ਸੰਭਾਲ ਮਦਦ ਬਾਰੇ ਪੁੱਛਣ ਤੋਂ ਵੀ ਨਾ ਡਰੋ। ਕੰਮਕਾਜੀ ਮਾਪੇ ਦੇ ਤੌਰ ਤੇ ਤੁਹਾਡੇ ਨਵੇਂ ਅਧਿਕਾਰ ਹਨ - ਅਗਲੇ ਕੁਝ ਪੰਨਿਆਂ ਤੱਕ ਅਸੀਂ ਤੁਹਾਨੂੰ ਸਭ ਸਮਝਾ ਦੇਵਾਂਗੇ। ਉਦਾਹਰਨ ਦੇ ਲਈ, ਕੀ ਤੁਸੀਂ ਜਾਣਦੇ ਸੀ ਕਿ ਲਚਕਦਾਰ ਕੰਮ ਦੇ ਚੌਣਕਤਿਆਂ ਜਿਵੇਂ ਕਿ ਟਰਮ-ਸਮੇਂ ਕੰਮ ਕਰਨਾ ਜਾਂ ਕੰਮ ਨੂੰ ਸਾਂਝਾ ਕਰਨਾ (ਜੌਬਸ਼ੇਅਰ) ਤੁਹਾਡਾ ਹੱਕ ਹੈ? ਇਸਦਾ ਮਤਲਬ ਇਹ ਹੈ ਕਿ ਤੁਹਾਨੂੰ ਖੁਸ਼ ਪਰਿਵਾਰ ਅਤੇ ਕੰਮਕਾਜੀ ਜੀਵਨ ਨੂੰ ਜੋੜਨਾ ਆਸਾਨ ਲੱਗਣਾ ਚਾਹੀਦਾ ਹੈ। ਇਸਨੂੰ ਕਿਵੇਂ ਕਰਨਾ ਹੈ, ਇਹ ਰਿਹਾ।

**ਜਿਆਦਾ ਜਾਣਕਾਰੀ ਵਾਸਤੇ...**ਮਾਤਰੀ ਅਤੇ ਪਿਤਰੀ ਅਧਿਕਾਰਾਂ, ਹੱਕਾਂ ਅਤੇ ਕਿਤਾਬੜੀਆਂ ਵਾਸਤੇ **www.maternityalliance.org.uk** ਦੇਖੋ ਜਾਂ ਕੰਮਕਾਜੀ ਮਾਪਿਆਂ ਵਾਸਤੇ ਕਿਤਾਬਚਿਆਂ ਦੀ ਲੜੀ ਵਾਸਤੇ ਡਿਪਾਰਟਮੈਂਟ ਆਫ ਟਰੇਡ ਐਂਡ ਇੰਡਸਟਰੀ (DTI) ਦੀ ਵੈੱਬਸਾਈਟ **www.dti.gov.uk** ਦੇਖੋ। ਆਪਣੇ ਹੱਕ ਜਾਣੋ ਲਾਈਨ (Know Your Rights Line) ਨੂੰ **0870 600 4882** ਤੇ ਕਾਲ ਕਰੋ ਜਾਂ **www.tuc.org.uk** ਦੇਖੋ।

### ਕਿਸਨੂੰ ਕੀ ਮਿਲਦਾ ਹੈ?

ਜਦੋਂ ਤੁਸੀਂ ਗਰਭਵਤੀ ਅਤੇ ਨਵੇਂ ਮਾਪੇ ਹੋ ਤਾਂ ਉਹਨਾਂ ਫਾਇਦਿਆਂ ਨੂੰ ਨਾ ਛੱਡੋ ਜਿੰਨ੍ਹਾਂ ਦੇ ਤੁਸੀਂ ਹੱਕਦਾਰ ਹੋ। ਕੁਝ ਮਾਲਕਾਂ ਦੀਆਂ ਉਹਨਾਂ ਦੀਆਂ ਆਪਣੀਆਂ ਦਿਆਲੂ ਨੀਤੀਆਂ ਹੁੰਦੀਆਂ ਹਨ।

### ਮੰਮੀਆਂ ਬਣਨ ਵਾਲੀਆਂ ਔਰਤਾਂ ਵਾਸਤੇ

ਇੱਕ ਗਰਭਵਤੀ ਕਰਮਚਾਰਨ ਦੇ ਤੌਰ ਤੇ ਤੁਸੀਂ ਆਪਣੀਆਂ ਸਾਰੀਆਂ ਜਨਮ-ਪੂਰਵ ਮਿਲਣੀਆਂ ਵਾਸਤੇ ਤਨਖਾਹ ਸਮੇਤ ਛੁੱਟੀ ਲੈ ਸਕਦੇ ਹੋ। ਕੀ ਤੁਸੀਂ ਸੋਚਦੇ ਹੋ ਕਿ ਤੁਹਾਡੀ ਨੌਕਰੀ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦੀ ਹੈ? ਆਪਣੇ ਮਾਲਕ ਨੂੰ ਤੁਰੰਤ ਦੱਸੋ - ਉਹਨਾਂ ਨੂੰ ਲਾਜ਼ਮੀ ਤੌਰ ਤੇ ਤੁਹਾਡੀ ਮੌਜੂਦਾ ਨੌਕਰੀ ਵਿੱਚ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ ਜਾਂ ਤੁਹਾਨੂੰ ਕੋਈ ਢੁਕਵਾਂ ਬਦਲਵਾਂ ਕੰਮ ਦੇਣਾ ਚਾਹੀਦਾ ਹੈ, ਨਹੀਂ ਤਾਂ ਉਹਨਾਂ ਨੂੰ ਤੁਹਾਨੂੰ ਪੂਰੀ ਤਨਖਾਹ ਸਮੇਤ ਮੁਅੱਤਲ ਕਰਨਾ ਪਵੇਗਾ।

### ਮੰਮੀਆਂ ਵਾਸਤੇ

ਜਿਸ ਦਿਨ ਤੋਂ ਤੁਸੀਂ ਕੰਮ ਸ਼ੁਰੂ ਕਰਦੇ ਹੋ, ਓਸੇ ਦਿਨ ਤੋਂ ਹੀ ਤੁਸੀਂ 26 ਹਫਤਿਆਂ ਦੀ ਸਾਧਾਰਨ ਮਾਤਰੀ ਛੁੱਟੀ (Ordinary Maternity Leave (OML)) ਦੇ ਹੱਕਦਾਰ ਹੋ, ਚਾਹੇ ਤੁਹਾਡੇ ਸਥਿਤੀ ਜਾਂ ਕੰਮ ਦੇ ਘੰਟੇ ਕਿਵੇਂ ਵੀ ਹੋਣ। ਅੰਤ ਤੇ ਤੁਹਾਨੂੰ ਓਸੇ ਨੌਕਰੀ ਤੇ ਵਾਪਸ ਮੁੜਨ ਦਾ ਹੱਕ ਵੀ ਹੈ। ਆਪਣੀ ਸਾਧਾਰਨ ਮਾਤਰੀ ਛੁੱਟੀ ਦੇ ਖਤਮ ਹੋਣ ਤੇ ਤੁਸੀਂ 26 ਹਫ਼ਤਿਆਂ ਦੀ ਹੋਰ ਵਾਧੂ ਮਾਤਰੀ ਛੁੱਟੀ ਵੀ ਬਿਨਾਂ ਤਨਖਾਹ ਦੇ ਲੈ ਸਕਦੇ ਹੋ।

ਤੁਸੀਂ ਵਿਧਾਨਕ ਮਾਤਰੀ ਛੁੱਟੀ (Statutory Maternity Pay (SMP)) ਦਾ ਦਾਅਵਾ ਵੀ ਕਰ ਸਕਦੇ ਹੋ ਜੇ ਤੁਸੀਂ ਓਸੇ ਮਾਲਕ ਵਾਸਤੇ ਗਰਭਵਤੀ ਹੋਣ ਤੋਂ ਪਹਿਲਾਂ ਵੀ ਕੰਮ ਕੀਤਾ ਹੈ ਅਤੇ ਘੱਟੋ ਘੱਟ ਪ੍ਰਤੀ ਹਫਤਾ 82 ਪੌਂਡ (ਟੈਕਸ ਤੋਂ ਪਹਿਲਾਂ) ਕਮਾਉਂਦੇ ਹੋ। ਟਰਜ਼ ਛੇ ਹਫਤਿਆਂ ਵਾਸਤੇ ਤੁਹਾਡੀ ਔਸਤਨ ਕਮਾਈ ਦਾ 90% ਮੁਹੱਈਆ ਕਰਾਉਂਦੀ ਹੈ, ਅਤੇ ਇਸਤੋਂ ਬਾਅਦ ਪ੍ਰਤੀ ਹਫਤਾ 106 ਪੌਂਡ (ਜਾਂ ਤੁਹਾਡੀ ਕਮਾਈ ਦਾ 90%, ਜਿਹੜਾ ਵੀ ਅੰਕੜਾ ਘੱਟ ਹੋਵੇ) 20 ਹਫਤਿਆਂ ਵਾਸਤੇ ਮੁਹੱਈਆ ਕਰਾਉਂਦੀ ਹੈ। ਕੁਝ ਮਾਲਕ ਇਸ ਰਕਮ ਤੇ ਕੁਝ ਵਾਧੂ ਦੇਣ ਦੀ ਵੀ ਪੇਸ਼ਕਸ਼ ਕਰਦੇ ਹਨ।

### ਘੱਟ ਤਨਖਾਹ ਵਾਲੀਆਂ / ਸਵੈ-ਰੁਜ਼ਗਾਰੀ ਮੰਮੀਆਂ ਲਈ

ਤੁਸੀਂ ਮਾਤਰੀ ਭੱਤੇ ਦਾ ਦਾਅਵਾ ਕਰ ਸਕਦੇ ਹੋ - 26 ਹਫਤਿਆਂ ਵਾਸਤੇ 106 ਪੌਂਡ ਪ੍ਰਤੀ ਹਫਤਾ, ਜਾਂ ਤੁਹਾਡੀ ਔਸਤ ਕਮਾਈ ਦਾ 90%, ਜੋ ਵੀ ਘੱਟ ਹੋਵੇ। ਤੁਸੀਂ ਲਾਜ਼ਮੀ ਤੌਰ ਤੇ ਸਵੈ-ਰੁਜ਼ਗਾਰੀ ਹੋਣੇ ਚਾਹੀਦੇ ਹੋ, ਜਾਂ 13 ਹਫਤਿਆਂ ਵਾਸਤੇ ਹਰੇਕ ਹਫਤੇ ਘੱਟੋ ਘੱਟ 30 ਪੌਂਡ ਕਮਾਉਂਦੇ ਹੋਣੇ ਚਾਹੀਦੇ ਹੋ (ਜਰੂਰੀ ਨਹੀਂ ਕਿ ਇਹ ਹਫਤੇ ਲਗਾਤਾਰ ਹੋਣ), ਅਤੇ ਤੁਸੀਂ ਬੱਚੇ ਦੀ ਸੰਭਾਵਤ ਜਨਮ ਤਾਰੀਖ ਤੋਂ ਪਹਿਲੇ 66 ਹਫਤਿਆਂ ਵਿੱਚ ਘੱਟੋ ਘੱਟ 26 ਹਫਤੇ ਕੰਮ ਕੀਤਾ ਹੋਣਾ ਚਾਹੀਦਾ ਹੈ।

**ਘੱਟ ਤਨਖਾਹ ਵਾਲੇ ਮਾਪਿਆਂ ਲਈ**

ਕੀ ਤੁਸੀਂ ਘੱਟ ਆਮਦਨ ਭੱਤਾ ਜਾਂ ਟੈਕਸ ਜਮ੍ਹਾਂ ਪ੍ਰਾਪਤ ਕਰ ਰਹੇ ਹੋ? ਤੁਸੀਂ ਸ਼ਿਓਰ ਸਟਾਰਟ ਮਾਤਰੀ ਗ੍ਰਾਂਟ (Sure Start Maternity Grant) ਦਾ ਦਾਅਵਾ ਕਰਨ ਦੇ ਯੋਗ ਹੋ ਸਕਦੇ ਹੋ - ਇੱਕ ਵਾਰ ਦਿੱਤੀ ਜਾਣ ਵਾਲੀ 500 ਪੌਂਡ ਦੀ ਅਦਾਇਗੀ।

**ਗੋਦ ਲੈਣ ਵਾਲੇ ਮਾਪਿਆਂ ਵਾਸਤੇ**

ਓਹੀ ਛੁੱਟੀ ਅਧਿਕਾਰ, ਜਿਹੜੇ ਕਿ ਮੰਮੀਆਂ ਵਾਸਤੇ ਹਨ, ਉਸ ਵਿਅਕਤੀ ਤੇ ਵੀ ਲਾਗੂ ਹੁੰਦੇ ਹਨ ਜਿਹੜਾ ਬੱਚਾ ਗੋਦ ਲੈਂਦਾ ਹੈ ਜਾਂ ਕਿਸੇ ਜੋੜੇ ਵਿੱਚੋਂ ਇੱਕ ਜਣਾ, ਜਿਹੜਾ ਕਿ ਇਕੱਠਿਆਂ ਬੱਚਾ ਗੋਦ ਲੈ ਰਿਹਾ ਹੈ। ਦੂਜਾ ਸਾਥੀ ਪਿਤਰੀ ਛੁੱਟੀ ਲੈ ਸਕਦਾ ਹੈ।

**ਦੋਨਾਂ ਮਾਪਿਆਂ ਵਾਸਤੇ**

ਜੇ ਤੁਸੀਂ ਦੋਨੋਂ ਇੱਕੋ ਨੌਕਰੀ ਤੇ ਇੱਕ ਸਾਲ ਜਾਂ ਵਧੇਰੇ ਸਮੇਂ ਤੋਂ ਹੋ, ਤਾਂ ਦੋਨੋਂ ਮਾਪੇ ਪਿਤਰੀ ਛੁੱਟੀ ਲੈ ਸਕਦੇ ਹਨ - ਇੱਕ ਬੱਚੇ ਵਾਸਤੇ 13 ਹਫਤੇ ਦੀ ਛੁੱਟੀ, ਜਿਹੜੀ ਕਿ ਬੱਚੇ ਦੇ ਪੰਜਵੇਂ ਜਨਮ ਦਿਨ ਤੋਂ ਪਹਿਲਾਂ ਲੈਣੀ ਪੈਂਦੀ ਹੈ, ਆਮ ਤੌਰ ਤੇ ਹਰੇਕ ਸਾਲ ਚਾਰ ਹਫਤਿਆਂ ਦੇ ਬਲਾਕਾਂ ਵਿੱਚ। ਜੇ ਤੁਹਾਡੇ ਬੱਚੇ ਨੂੰ ਕੋਈ ਅਪੰਗਤਾ ਹੈ ਤਾਂ ਤੁਹਾਨੂੰ 18 ਹਫਤਿਆਂ ਦੀ ਛੁੱਟੀ ਦਾ ਹੱਕ ਹੋਵੇਗਾ ਜਿਹੜੀ ਕਿ ਉਹਨਾਂ ਦੇ 18 ਵੇਂ ਜਨਮ ਦਿਨ ਤੋਂ ਪਹਿਲਾਂ ਲੈਣੀ ਪੈਣੀ ਹੈ।

ਸਰਕਾਰ ਸਾਰੇ ਮਾਪਿਆਂ ਨੂੰ ਬਾਲ ਭੱਤਾ ਦਿੰਦੀ ਹੈ - 17.00 ਪੌਂਡ ਪ੍ਰਤੀ ਹਫਤਾ ਪਹਿਲੇ ਬੱਚੇ ਵਾਸਤੇ, 11.40 ਪੌਂਡ ਉਸ ਤੋਂ ਬਾਅਦ ਦੇ ਬੱਚਿਆਂ ਵਾਸਤੇ।

**ਡੈਡੀਆਂ ਬਾਰੇ ਕੀ ਖਿਆਲ ਹੈ?**

ਤੁਸੀਂ ਵਿਧਾਨਕ ਪਿਤਰੀ ਤਨਖਾਹ (Statutory Paternity Pay (SPP)) ਦਾ ਦਾਅਵਾ ਕਰ ਸਕਦੇ ਹੋ ਜੇ ਤੁਸੀਂ ਆਪਣੀ ਸਾਥਣ ਦੇ ਗਰਭਵਤੀ ਹੋਣ ਤੋਂ ਪਹਿਲਾਂ ਉਸੇ ਮਾਲਕ ਵਾਸਤੇ ਕੰਮ ਕੀਤਾ ਹੈ ਅਤੇ ਜਨਮ ਸਮੇਂ ਤੱਕ ਉਸੇ ਨੌਕਰੀ ਤੇ ਹੋਵੋਂਗੇ।

**ਜਿਆਦਾ ਜਾਣਕਾਰੀ ਵਾਸਤੇ...**ਇਹ ਜਾਨਣ ਲਈ ਕਿ ਮਾਤਰੀ ਅਤੇ ਪਿਤਰੀ ਹੱਕਾਂ ਦਾ ਦਾਅਵਾ ਕਿਵੇਂ ਕਰਨਾ ਹੈ, ਮੇਟਰਨਿਟੀ ਇੰਫਰਮੇਸ਼ਨ ਅਲਾਈਂਸ ਲਾਈਨ ਨੂੰ **020 7490 7638** ਤੇ ਕਾਲ ਕਰੋ ਜਾਂ **www.maternityalliance.org.uk** ਦੇਖੋ। ਕੰਮਕਾਜੀ ਮਾਪਿਆਂ ਲਈ ਕਿਤਾਬਚਿਆਂ ਵਾਸਤੇ ਡਿਪਾਰਟਮੈਂਟ ਆਫ ਟਰੇਡ ਐਂਡ ਇੰਡਸਟਰੀ ਦੀ ਵੈੱਬਸਾਈਟ **www.dti.gov.uk/workingparents** ਦੇਖੋ।

ਸ਼ਿਓਰ ਸਟਾਰਟ ਮੇਟਰਨਿਟੀ ਗਰਾਂਟ ਅਰਜ਼ੀ ਫਾਰਮ ਵਾਸਤੇ ਆਪਣੇ ਸਥਾਨਕ ਜੌਬਸੈਂਟਰ ਪਲੱਸ ਆਫਿਸ ਨਾਲ ਸੰਪਰਕ ਕਰੋ।

**ਕੰਮ ਜਾਂ ਪੜ੍ਹਾਈ ਵੱਲ ਵਾਪਸ ਆਉਣਾ**

ਪੂਰੇ ਸਮੇਂ ਦੀ ਨੌਕਰੀ ਕਰਨਾ, ਘਰ ਚਲਾਉਣਾ ਅਤੇ ਇੱਕ ਪਿਆਰ ਭਰਪੂਰ ਮੰਮੀ ਜਾਂ ਡੈਡੀ ਬਣਨਾ - ਜੇ ਤੁਸੀਂ ਕੰਮ ਤੇ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹੋ ਤਾਂ ਨਜਿੱਠਣ ਲਈ ਬਹੁਤ ਸਾਰੇ ਵਿਹਾਰਕ ਅਤੇ ਭਾਵੁਕ ਮੁੱਦੇ ਹਨ। ਇੱਕ ਖੁਸ਼ੀ-ਭਰਿਆ ਸੰਤੁਲਨ ਲੱਭਣ ਵਾਸਤੇ ਏਥੇ ਕੁਝ ਨੁਕਤੇ ਦਿੱਤੇ ਜਾ ਰਹੇ ਹਨ।

**ਆਪਣੇ ਆਪ ਨੂੰ ਕੰਮ ਲਈ ਕਿਵੇਂ ਤਿਆਰ ਕਰੀਏ**

"ਮੈਂ ਕੰਮ ਤੇ ਵਾਪਸ ਜਾਣ ਦੀ ਸੋਚ ਰਿਹਾ ਹਾਂ ਅਤੇ ਮੈਨੂੰ ਚਿੰਤਾ ਹੋ ਰਹੀ ਹੈ ਕਿ ਮੈਂ ਇਸਦਾ ਪ੍ਰਬੰਧਨ ਕਿਵੇਂ ਕਰਾਂਗਾ?"

ਇਹ ਸਲਾਹਦੇਣ-ਯੋਗ ਹੈ ਕਿ ਤੁਸੀਂ ਆਪਣੇ ਆਪਣੇ ਮਾਲਕ ਨਾਲ ਮਿਲ ਬੈਠ ਕੇ ਆਪਣੇ ਹਾਲਾਤ ਬਾਰੇ ਗੱਲ ਕਰੋ। ਤੁਹਾਨੂੰ ਨਵੇਂ ਪ੍ਰਬੰਧਨਾਂ ਬਾਰੇ ਗੱਲਬਾਤ ਕਰਨ ਦੀ ਲੋੜ ਹੋ ਸਕਦੀ ਹੈ (ਕੰਮ ਕਰਨ ਦੇ ਲਚਕਦਾਰ ਤਰੀਕਿਆਂ ਦੇ ਤੁਹਾਡੇ ਹੱਕ ਬਾਰੇ ਪੁੱਛਣ ਲਈ ਦੇਖੋ ਪੰਨਾ 21)। ਬਹਾਨੇ ਬਣਾਉਣਾ, ਪਰੇਸ਼ਾਨੀ ਵਿੱਚ ਪੈਣਾ ਜਾਂ ਇਹ ਮਹਿਸੂਸ ਕਰਨਾ ਕਿ ਤੁਸੀਂ ਕੰਮ ਨੂੰ ਨੁਕਸਾਨ ਪਹੁੰਚਾ ਰਹੇ ਹੋ, ਅਜਿਹੇ ਜਾਲ ਵਿੱਚ ਨਾ ਫਸੋ, ਜਦੋਂ ਕਿ ਤੁਸੀਂ ਅਵੱਲੀ ਬਾਲ ਸੰਭਾਲ ਸਮੱਸਿਆ ਨੂੰ ਹੱਲ ਕਰਨ ਵਾਸਤੇ ਦੌੜਦੇ ਹੋ - ਸਮੇਂ ਸਮੇਂ ਤੇ ਹਰ ਕਿਸੇ ਨੂੰ ਕੰਮ ਤੋਂ ਬਾਹਰੀ ਵਚਨਬੱਧਤਾਵਾਂ ਹੁੰਦੀਆਂ ਹਨ।

*"ਕੀ ਮੇਰਾ ਮਾਲਕ ਬਾਲ ਸੰਭਾਲ ਖਰਚਿਆਂ ਵਿੱਚ ਮਦਦ ਕਰੇਗਾ? "*

ਦਸਾਂ ਵਿੱਚੋਂ ਲਗਭਗ ਇੱਕ ਮਾਲਕ ਕਿਸੇ ਨਾ ਕਿਸੇ ਰੂਪ ਵਿੱਚ ਬਾਲ ਸੰਭਾਲ ਮਦਦ ਪ੍ਰਦਾਨ ਕਰਦਾ ਹੈ, ਜਿਵੇਂ ਕਿ ਬਾਲ ਸੰਭਾਲ ਭੱਤੇ ਅਤੇ ਵਾਉਚਰ, ਅਤੇ ਛੋਟਾਂ ਭਰਪੂਰ ਕੰਮ ਵਾਲੀ ਜਗ੍ਹਾ ਤੇ ਬਾਲਵਾੜੀਆਂ ਅਤੇ ਨਰਸਰੀਆਂ ਚਲਾਉਣਾ। ਪੁੱਛ ਕੇ ਦੇਖੋ। ਇਹ ਨਾ ਭੁੱਲੋ ਕਿ ਤੁਸੀਂ ਕੰਮ ਕਾਜ਼ੀ ਟੈਕਸ ਜਮ੍ਹਾਂ ਦੇ ਬਾਲ

ਸੰਭਾਲ ਅੰਸ਼ ਰਾਹੀਂ ਮਦਦ ਪ੍ਰਾਪਤ ਕਰ ਸਕਦੇ ਹੋ। ਬਾਲ ਸੰਭਾਲ ਵਾਉਚਰ, ਪੰਜੀਕਿਰਤ ਜਾਂ ਮਾਨਤਾ ਪ੍ਰਾਪਤ ਬਾਲ ਸੰਭਾਲਕਾਂ, ਨਰਸਰੀਆਂ, ਅਤੇ ਬਾਅਦ-ਸਕੂਲ ਗਰੁੱਪਾਂ ਵੱਲੋਂ ਪ੍ਰਦਾਨ ਕੀਤੀ ਜਾਂਦੀ ਸੰਭਾਲ ਲਈ ਅਦਾਇਗੀ ਕਰਨ ਵਾਸਤੇ ਵਰਤੇ ਜਾ ਸਕਦੇ ਹਨ। ਵਾਉਚਰਾਂ ਦੇ ਬਦਲੇ ਤੁਸੀਂ ਆਪਣੇ ਤਨਖਾਹ ਦਾ ਕੁਝ ਹਿੱਸਾ ਦਿੰਦੇ ਹੋ, ਅਤੇ 50 ਪੌਂਡ ਉੱਪਰ ਪ੍ਰਤੀ ਹਫਤਾ ਕੌਮੀ ਬੀਮਾ ਕੱਟੇ ਜਾਣ ਦੀ ਬੱਚਤ ਕਰਦੇ ਹੋ, ਇਸ ਕਰਕੇ ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਤੁਸੀਂ ਆਪਣੇ ਘਰ ਜਿਆਦਾ ਤਨਖਾਹ ਲਿਜਾ ਰਹੇ ਹੋ। ਅਪਰੈਲ ਤੋਂ ਤੁਸੀਂ 50 ਪੌਂਡ ਪ੍ਰਤੀ ਹਫਤੇ ਉੱਪਰ ਟੈਕਸ ਦੀ ਬੱਚਤ ਵੀ ਕਰੋਂਗੇ। ਜ਼ਿਆਦਾ ਜਾਣਕਾਰੀ ਵਾਸਤੇ ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਨੂੰ ਸੰਪਰਕ ਕਰੋ।

*"ਜੇ ਕਿਸੇ ਸੰਕਟ ਵਿੱਚ ਛੁੱਟੀ ਦੀ ਲੋੜ ਪੈਂਦੀ ਹੈ ਤਾਂ ਕੀ?"*

ਅਜਿਹਾ ਵਾਪਰਨਾ ਹੀ ਹੈ - ਤੁਹਾਡਾ ਬੱਚਾ ਬਿਮਾਰ ਮਹਿਸੂਸ ਕਰਦਾ ਉੱਠਦਾ ਹੈ ਜਾਂ ਤੁਹਾਡਾ ਬਾਲ ਸੰਭਾਲਕ ਨਹੀਂ ਆਉਂਦਾ। ਪਰ ਹਰ ਕਿਸੇ ਨੂੰ ਬਹੁਤ ਥੋੜ੍ਹੇ ਸਮੇਂ ਦੇ ਨੋਟਿਸ ਤੇ ਪਰਿਵਾਰਕ ਸੰਕਟ ਦੀ ਸੂਰਤ ਵਿੱਚ, ਸੰਕਟਕਾਲੀਨ ਛੁੱਟੀ ਲੈਣ ਦਾ ਅਧਿਕਾਰ ਹੈ - ਆਮ ਤੌਰ ਤੇ ਇੱਕ ਜਾਂ ਦੋ ਦਿਨ, ਬਿਨਾਂ ਤਨਖਾਹ ਦੇ। ਪੂਰੇ ਵਿਸਥਾਰ ਜਾਨਣ ਲਈ ਮੇਟਰਨਿਟੀ ਅਲਾਈਂਸ ਹੈਲਪਲਾਈਨ ਜਾਂ ਉਹਨਾਂ ਦੀ ਵੈੱਬਸਾਈਟ ਨਾਲ ਸੰਪਰਕ ਕਰੋ (ਦੇਖੋ ਸੰਪਰਕ ਪਤੇ, ਪੰਨਾ 26)। ਜੇ ਤੁਸੀਂ ਕਰ ਸਕਦੇ ਹੋਵੋਂ ਤਾਂ ਬੁਲਾਉਣ ਲਈ ਸੰਭਾਵਤ ਬਾਲਸੰਭਾਲਕਾਂ ਦੀ ਇੱਕ ਸੂਚੀ ਆਪਣੇ ਕੋਲ ਰੱਖੋ, ਜਾਂ ਕਿਸੇ ਸੰਕਟ ਦੇ ਸਮੇਂ ਲੈਣ ਵਾਸਤੇ ਕੁਝ ਛੁੱਟੀਆਂ ਬਚਾ ਕੇ ਰੱਖੋ।

*ਘਰ ਵਿੱਚਲੇ ਨੁਕਤੇ*

ਕੰਮ ਕਾਜੀ ਮਾਪੇ ਹੋਣ ਦੇ ਨਾਤੇ ਤੁਹਾਡਾ ਘਰ ਵਿਚਲਾ ਸਮਾਂ ਬਹੁਮੁੱਲਾ ਹੈ। ਇਹ ਸਪੱਸ਼ਟ ਦਿਸਦਾ ਹੈ, ਪਰ ਸਾਧਾਰਨ ਸਮਾਂ-ਬੱਚਤ ਦੇ ਤਰੀਕੇ ਕਿਸੇ ਰੁਝੇਂਵੇ ਭਰੇ ਕਾਰਜ-ਕਾਲ ਦੇ ਤਣਾਓ ਨੂੰ ਹਲਕਾ ਕਰ ਦਿੰਦੇ ਹਨ। ਆਪਣੇ ਦਿਨ ਦੀ ਯੋਜਨਾ ਬਣਾਓ, ਮਹੱਤਵਪੂਰਨ ਤਾਰੀਖਾਂ ਨੂੰ ਨੋਟ ਕਰੋ, ਛੋਟੇ ਮੋਟੇ ਕੰਮ ਕਰਨ ਲਈ ਪਹਿਲਾਂ ਤੋਂ ਸਮਾਂ ਨਿਯਤ ਕਰਕੇ ਰੱਖੋ, ਅਤੇ ਰੁਟੀਨ ਸਥਾਪਤ ਕਰੋ, ਜਿਵੇਂ ਕਿ ਰਾਤ ਨੂੰ ਆਪਣੇ ਅਤੇ ਆਪਣੇ ਬੱਚੇ ਦੇ ਕੱਪੜੇ ਤਿਆਰ ਕਰਕੇ ਰੱਖਣਾ। ਜੇ ਤੁਹਾਡੇ ਬੱਚੇ ਵੱਡੇ ਹਨ ਤਾਂ ਉਹਨਾਂ ਨੂੰ ਘਰ ਵਿੱਚ ਮਦਦ ਕਰਨ ਵਾਸਤੇ ਕਹੋ, ਅਤੇ ਸੰਪੂਰਨਤਾ ਦੇ ਮਿਆਰਾਂ ਬਾਰੇ ਆਪਣੇ ਨੂੰ ਸਜ਼ਾ ਦੇਣ ਉੱਪਰ ਥੋੜ੍ਹਾ ਢਿੱਲੇ ਪੈ ਜਾਓ — ਇਹ ਜਿੰਦਗੀ ਨੂੰ ਆਸਾਨ ਬਣਾ ਦੇਵੇਗਾ।

**ਲਚਕਦਾਰ ਘੰਟੇ** *"ਕੀ ਦੁਬਾਰਾ ਪੂਰੇ ਸਮੇਂ ਵਾਸਤੇ ਕੰਮ ਕਰਨ ਦਾ ਤੁਹਾਨੂੰ ਯਕੀਨ ਨਹੀਂ ਹੈ?"*

## ਅਰਜ਼ੀ ਕੌਣ ਦੇ ਸਕਦਾ ਹੈ?

ਛੇ ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਜਾਂ 18 ਸਾਲ ਤੱਕ ਦੀ ਉਮਰ ਦੇ ਅਪੰਗ ਬੱਚਿਆਂ ਦੇ ਮਾਪੇ (ਜਿੰਨ੍ਹਾਂ ਵਿੱਚ ਗੋਦ ਲੈਣ ਵਾਲੇ ਮਾਪੇ, ਸੰਰੱਖਿਅਕ ਅਤੇ ਪਾਲਣਹਾਰ ਸੰਭਾਲਕ ਵੀ ਸ਼ਾਮਲ ਹਨ) ਲਚਕਦਾਰ ਘੰਟਿਆਂ ਵਾਸਤੇ ਕੰਮ ਕਰ ਸਕਦੇ ਹਨ, ਜਿੰਨ੍ਹਾਂ ਵਿੱਚ ਘਰੇ ਬੈਠਕੇ ਕੰਮ ਕਰਨਾ ਵੀ ਸ਼ਾਮਲ ਹੈ। ਕਾਨੂੰਨ ਦੇ ਲਾਗੂ ਹੋਣ ਦੇ ਬਾਅਦ ਇੱਕ ਮਿਲੀਅਨ ਤੋਂ ਵੀ ਜ਼ਿਆਦਾ ਲੋਕਾਂ ਨੇ ਲਚਕਦਾਰਤਾ ਨਾਲ ਕੰਮ ਕਰਨ ਵਾਸਤੇ ਅਰਜ਼ੀ ਦਿੱਤੀ ਹੈ। ਤੁਹਾਡੇ ਮਾਲਕ ਨੂੰ ਇਹ ਸੁਣਨਾ ਹੀ ਪਵੇਗਾ ਅਤੇ ਓਸੇ ਸੂਰਤ ਵਿੱਚ ਉਹ 'ਨਾਂਹ' ਕਰ ਸਕਦਾ ਹੈ ਜਦੋਂ ਕੋਈ ਸਪੱਸ਼ਟ ਵਪਾਰਕ ਕਾਰਨ ਹੋਵੇ, ਜਿਹੜਾ ਕਿ ਉਸਨੂੰ ਲਾਜ਼ਮੀ ਤੌਰ ਤੇ ਲਿਖਤੀ ਰੂਪ ਵਿੱਚ ਮੁਹੱਈਆ ਕਰਾਉਣਾ ਚਾਹੀਦਾ ਹੈ। ਬੇਨਤੀ ਢੁਕਵੇਂ ਸ਼ਬਦਾਂ ਵਿੱਚ ਗੁੰਦੀ ਹੋਣੀ ਚਾਹੀਦੀ ਹੈ; ਫਾਰਮ DTI ਕੋਲ ਉਪਲਬਧ ਹਨ। ਸੈਕਸ ਡਿਸਕਰਿਮੀਨੇਸ਼ਨ ਐਕਟ ਅਧੀਨ ਤੁਹਾਡੇ ਹੋਰ ਅਧਿਕਾਰ ਵੀ ਹੋ ਸਕਦੇ ਹਨ।

ਹੇਠਾਂ ਦਿੱਤੇ ਚਾਰਟ ਨੂੰ ਦੇਖਕੇ ਪੜਤਾਲ ਕਰੋ ਕਿ ਕੀ ਦਿੱਤੇ ਗਏ ਲਚਕਦਾਰ ਚੌਨੁਕਤੇ ਤੁਹਾਡੇ ਵਾਸਤੇ ਕੰਮ ਕਰਨਗੇ ਜਾਂ ਨਹੀਂ।

**ਜਿਆਦਾ ਜਾਣਕਾਰੀ ਵਾਸਤੇ...**ਰੁਜ਼ਗਾਰੀ ਹੱਕਾਂ ਵਾਸਤੇ, ਤੁਹਾਡੇ ਮੇਚੇ ਦੀ ਅੰਤਰ-ਕਿਰਿਆਸ਼ੀਲ ਆਗਵਾਨੀ (Tailored Interactive Guidance) ਲਈ www.tiger.gov.uk ਦੇਖੋ। ਦੇਖੋ www.dti.gov.uk/workingparents ਜਾਂ ਕੰਮ ਕਾਜੀ ਪਰਿਵਾਰਾਂ ਵਾਸਤੇ ਮੁਫਤ ਕਾਨੂੰਨੀ ਲਾਈਨ ਨੂੰ **0800 013 0313** ਤੇ ਕਾਲ ਕਰੋ।

| ਕੰਮ ਕਰਨ ਦੇ ਤਰੀਕੇ | ਇਸਦਾ ਕੀ ਮਤਲਬ ਹੈ |
|---|---|
| ਅੰਸ਼ਕ ਸਮੇਂ ਵਾਸਤੇ | ਕਿਸੇ ਹਫਤੇ ਵਿੱਚ ਬਕਾਇਦਾ ਕੰਮ ਦੇ ਘੰਟਿਆਂ ਨਾਲੋਂ ਘੱਟ ਕੁਝ ਵੀ, ਪਰ ਤੁਹਾਡੇ ਨਾਲ ਕੇਵਲ ਇਸ ਕਰਕੇ ਅਲੱਗ ਤਰੀਕੇ ਦਾ ਵਿਵਹਾਰ ਨਹੀਂ ਹੋਣਾ ਚਾਹੀਦਾ ਕਿਉਂਕਿ ਤੁਸੀਂ ਘੱਟ ਘੰਟਿਆਂ ਵਾਸਤੇ ਕੰਮ ਕਰਦੇ ਹੋ। |
| ਲਚਕਦਾਰਾ ਨਾਲ ਕੰਮ ਕਰਨਾ | ਤੁਸੀਂ ਕੁਝ ਨਿਸ਼ਚਤ ਘੰਟਿਆਂ ਵਾਸਤੇ ਕੰਮ ਕਰਨ ਲਈ ਸਹਿਮਤ ਹੋ ਜਾਂਦੇ ਹੋ, ਜਿਸਨੂੰ ਕੋਰ ਜਾਂ ਕੇਂਦਰੀ ਸਮਾਂ ਆਖਦੇ ਹਨ (ਉਦਾਹਰਨ ਲਈ 10 ਵਜੇ ਸਵੇਰ ਤੋਂ ਦੁਪਹਿਰ 12 ਵਜੇ ਤੱਕ ਅਤੇ 2 ਵਜੇ ਦੁਪਹਿਰ ਤੋਂ ਸ਼ਾਮ 4 ਵਜੇ ਤੱਕ) ਪਰ ਇਹਨਾਂ ਘੰਟਿਆਂ ਤੋਂ ਬਾਹਰ ਤੁਸੀਂ ਆਪਣੀ ਮਰਜ਼ੀ ਅਨੁਸਾਰ ਕਦੇ ਵੀ ਨਿਯਤ ਸਮੇਂ ਵਾਸਤੇ ਬਾਹਰ ਆ – ਜਾ ਸਕਦੇ ਹੋ, ਅਤੇ ਬਾਹਰ ਗੁਜ਼ਾਰੇ ਵਕਤ ਨੂੰ ਲਚਕਦਾਰ ਛੁੱਟੀ ਵਜੋਂ ਲੈ ਸਕਦੇ ਹੋ। |
| ਸਾਂਝਾ ਕੰਮ ਕਰਨਾ | ਕੋਈ ਨੌਕਰੀ ਦੋ ਲੋਕਾਂ ਵਿੱਚ ਵੰਡ ਦਿੱਤੀ ਜਾਂਦੀ ਹੈ। ਆਮਦਨ, ਫਾਇਦੇ ਅਤੇ ਪੈਨਸ਼ਨ ਹੱਕਾਂ ਦੀ ਵੀ ਵੰਡ ਹੋ ਜਾਂਦੀ ਹੈ। |
| ਟਰਮ-ਸਮੇਂ ਕੰਮ ਕਰਨਾ | ਕਿਸੇ ਪੱਕੀ ਪੂਰੇ ਸਮੇਂ ਦੀ ਜਾਂ ਅੰਸ਼ਕ-ਸਮੇਂ ਦੀ ਨੌਕਰੀ ਵਿੱਚ, ਤੁਸੀਂ ਸਕੂਲ ਦੀਆਂ ਛੁੱਟੀਆਂ ਦੌਰਾਨ ਬਿਨਾਂ ਤਨਖਾਹ ਦੀ ਛੁੱਟੀ ਲੈ ਲੈਂਦੇ ਹੋ ਪਰ ਤੁਹਾਡੀ ਤਨਖਾਹ ਦੀਆਂ ਅਦਾਇਗੀਆਂ ਪੂਰੇ ਸਾਲ ਵਿੱਚ ਫੈਲੀਆਂ ਹੋਈਆਂ ਹੁੰਦੀਆਂ ਹਨ, ਇਸ ਕਰਕੇ ਤੁਹਾਨੂੰ ਅਜੇ ਵੀ ਬਕਾਇਦਾ ਤਨਖਾਹ ਪੈਕਟ ਮਿਲਦਾ ਰਹਿੰਦਾ ਹੈ। |
| ਸਕੂਲ ਦੇ ਘੰਟੇ | ਤੁਸੀਂ ਸਕੂਲ ਦੇ ਘੰਟਿਆਂ ਦੌਰਾਨ ਕੰਮ ਕਰਦੇ ਹੋ, ਤਾਂ ਕਿ ਤੁਸੀਂ ਆਪਣੇ ਬੱਚੇ ਨੂੰ ਸਕੂਲ ਛੱਡ ਸਕੋਂ, ਕੰਮ ਕਰੋਂ ਅਤੇ ਫਿਰ ਉਸ ਨੂੰ ਸਕੂਲੋਂ ਲੈਕੇ ਆਵੋਂ। |
| ਲੜਖੜਾਏ ਘੰਟੇ | 9 – 5 ਦੀ ਬਜਾਏ, 7 – 3 ਜਾਂ 11 – 7 ਬਾਰੇ ਕੀ ਖਿਆਲ ਹੈ? ਪਰ ਜੇ ਤੁਸੀਂ ਛੇ ਜਾਂ ਜ਼ਿਆਦਾ ਘੰਟਿਆਂ ਵਾਸਤੇ ਕੰਮ ਕਰਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਘੱਟੋ ਘੱਟ 20 ਮਿੰਟਾਂ ਦੀ ਬਰੇਕ ਕਰਨੀ ਚਾਹੀਦੀ ਹੈ |
| ਨਪੀੜੇ ਘੰਟੇ | ਤੁਸੀਂ ਜ਼ਿਆਦਾ ਘੰਟਿਆਂ ਵਾਸਤੇ ਕੰਮ ਕਰਦੇ ਹੋ, ਹਫਤੇ ਵਿੱਚ ਘੱਟ ਦਿਨਾਂ ਵਾਸਤੇ (ਉਦਾਹਰਨ ਲਈ ਦਸ-ਘੰਟਿਆਂ ਦੇ ਚਾਰ ਦਿਨ, ਹਫਤੇ ਵਿੱਚ ਚਾਰ ਦਿਨਾਂ ਵਾਸਤੇ, ਸ਼ੁੱਕਰਵਾਰ ਛੁੱਟੀ)। |
| ਘਰੇ ਬੈਠਕੇ ਕੰਮ ਕਰਨਾ | ਤੁਸੀਂ ਘਰ ਵਿੱਚ ਹੀ ਦਫਤਰ ਦਾ ਡੈਸਕ ਬਣਾ ਲੈਂਦੇ ਹੋ, ਹਫਤੇ ਦੇ ਕੁਝ ਦਿਨ ਜਾਂ ਸਾਰੇ ਦਿਨ, ਪਰ ਮੀਟਿੰਗਾਂ / ਨਵੀਂ ਮੁੱਦਿਆਂ ਤੋਂ ਜਾਣੂੰ ਹੋਣ ਲਈ ਜਾਂਦੇ ਹੋ |

### ਕੀ ਤੁਸੀਂ ਬਾਲ ਸੰਭਾਲ ਵਿੱਚ ਨੌਕਰੀ ਬਾਰੇ ਸੋਚ ਰਹੇ ਹੋ?

ਇੱਕ ਮਾਪੇ ਦੇ ਤੌਰ ਤੇ ਆਪਣੇ ਬੱਚਿਆਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਖੁਸ਼ੀ ਭਰੇ ਮਹੌਲ ਵਿੱਚ ਪਾਲਣਾ ਤੁਹਾਡੇ ਵਾਸਤੇ ਸਭ ਤੋਂ ਜ਼ਿਆਦਾ ਮਹੱਤਤਾ ਰੱਖਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਵਾਸਤੇ ਵੀ ਬਾਲ ਸੰਭਾਲ ਵਿੱਚ ਕੰਮ ਕਰਨ ਦੇ ਮੌਕੇ ਹਨ?

### ਬਹੁਤ ਸਾਰੀਆਂ ਬਾਲ ਸੰਭਾਲ ਨੌਕਰੀਆਂ ਮਾਪਿਆਂ ਵਾਸਤੇ ਆਦਰਸ਼ ਹਨ - ਫਾਇਦਿਆਂ ਵਿੱਚ ਸ਼ਾਮਲ ਹੋ ਸਕਦੇ ਹਨ :

- ਇੱਕ ਅਜਿਹੀ ਨੌਕਰੀ ਜਿਹੜੀ ਪਰਿਵਾਰਕ ਜੀਵਨ ਦੇ ਗਿਰਦ ਫਿੱਟ ਬੈਠਦੀ ਹੈ
- ਵੰਨ-ਸੁਵੰਨਾ, ਅਨੰਦਦਾਇਕ ਅਤੇ ਚੁਣੌਤੀ ਭਰਿਆ ਕੰਮ
- ਇੱਕ ਅਜਿਹਾ ਕੈਰੀਅਰ ਜਿਸ ਤੇ ਤੁਸੀਂ ਮਾਣ ਕਰ ਸਕਦੇ ਹੋ
- ਸਿਖਲਾਈ ਅਤੇ ਯੋਗਤਾਵਾਂ ਪ੍ਰਾਪਤ ਕਰਨ ਦੇ ਮੌਕੇ

### ਇਸ ਕਰਕੇ ਕਿਉਂ ਨਾ ਬਾਲ ਸੰਭਾਲ ਵਿੱਚ ਕੈਰੀਅਰ ਵਾਸਤੇ ਧਿਆਨ ਕੀਤਾ ਜਾਵੇ?

ਉੱਚ ਗੁਣਵਤਾ ਦੀ ਬਾਲ ਸੰਭਾਲ ਅਤੇ ਸਿੱਖਿਆ ਦੀ ਇਸ ਦੇਸ਼ ਵਿੱਚ ਬੜੀ ਉੱਚੀ ਮੰਗ ਹੈ। ਇਹੀ ਕਾਰਨ ਹੈ ਕਿ ਤੁਹਾਡੇ ਵਰਗੇ - ਪ੍ਰਤੀਬੱਧਤਾ ਵਾਲੇ, ਦਮ-ਖਮ ਵਾਲੇ ਅਤੇ ਸੰਭਾਲਣ ਪ੍ਰਵਿਰਤੀ ਦੇ ਲੋਕਾਂ ਦੀ - ਇੱਕ ਮੁੱਖ ਭੂਮਿਕਾ ਨਿਭਾਉਣ ਲਈ ਲੋੜ ਹੈ।

ਬਾਲ ਸੰਭਾਲ ਖੇਤਰ ਵਿੱਚ ਬਹੁਤ ਸਾਰੇ ਕੈਰੀਅਰਾਂ ਦੇ ਮੌਕੇ ਹਨ। ਨੌਕਰੀਆਂ ਸਥਾਨ, ਘੰਟਿਆਂ ਅਤੇ ਤੁਹਾਡੇ ਵੱਲੋਂ ਸੰਭਾਲੇ ਜਾ ਰਹੇ ਬੱਚਿਆਂ ਦੀ ਉਮਰ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਭਿੰਨ-ਭਿੰਨ ਹੋ ਸਕਦੀਆਂ ਹਨ।

ਮਾਲਕ ਗੈਰ-ਯੋਗਤਾ ਪ੍ਰਾਪਤ ਅਤੇ ਯੋਗਤਾ ਪ੍ਰਾਪਤ, ਦੋਨੋਂ ਤਰਾਂ ਦੇ ਅਮਲੇ ਨੂੰ ਲੱਭ ਰਹੇ ਹਨ, ਅਤੇ ਸਾਰੇ ਪੱਧਰਾਂ ਤੇ ਨੌਕਰੀ ਕਰਦੇ ਸਮੇਂ ਹੀ ਬਹੁਤ ਸਾਰੀ ਸਿਖਲਾਈ ਉਪਲਬਧ ਹੈ।

**ਬਾਲ ਸੰਭਾਲ ਵਿੱਚ ਨੌਕਰੀਆਂ ਦੀਆਂ ਕੁਝ ਉਦਾਹਰਨਾਂ ਇਹ ਹਨ :**

• ਨਰਸਰੀ ਨਰਸ - ਤੁਸੀਂ, ਬਹੁਤ ਸਾਰੀਆਂ ਖੇਡ ਕਿਰਿਆਵਾਂ ਦੀ ਯੋਜਨਾ ਅਤੇ ਪ੍ਰਬੰਧਨ ਕਰਦੇ ਹੋਏ, ਬੱਚਿਆਂ ਨੂੰ ਉਹਨਾਂ ਦੇ ਪਰਿਵਾਰਾਂ ਨਾਲ ਰਿਸ਼ਤੇ ਬਣਾਉਂਣ ਅਤੇ ਵਿਕਸਤ ਕਰਨ ਵਿੱਚ ਮਦਦ ਕਰਦੇ ਹੋਏ, ਕਿਸੇ ਟੀਮ ਦੇ ਹਿੱਸੇ ਵਜੋਂ ਕੰਮ ਕਰੋਗੇ।

• ਪਹਿਲ-ਸਕੂਲ ਕਾਰਕੁਨ - ਦੋ ਤੋਂ ਪੰਜ ਸਾਲਾਂ ਬੱਚਿਆਂ ਦੀ ਦੇਖਭਾਲ ਕਰਦੇ ਹੋਏ, ਤੁਸੀਂ ਕਿਸੇ ਪਹਿਲ-ਸਕੂਲ ਜਾਂ ਖੇਡ ਗਰੁੱਪ ਵਿੱਚ, ਬੱਚਿਆਂ ਨੂੰ ਉਹਨਾਂ ਦੀ ਪੂਰੇ ਸਮੇਂ ਦੀ ਸਿੱਖਿਆ ਸ਼ੁਰੂ ਕਰਨ ਤੋਂ ਪਹਿਲਾਂ, ਉਹਨਾਂ ਦੇ ਵਿਕਾਸ ਨੂੰ ਟੁੰਬਦੇ ਹੋਏ ਕੰਮ ਕਰੋਗੇ।

• ਬਾਲ ਸੰਭਾਲਕ - ਬੱਚਿਆਂ ਦੀ ਸੰਭਾਲ ਕਰਨਾ, ਅਕਸਰ ਆਪਣੇ ਹੀ ਘਰ ਵਿੱਚ। ਬੱਚਿਆਂ ਨਾਲ ਆਪਣੀ ਸੰਭਾਲ ਵਿੱਚ ਰਚਨਾਤਮਕ ਕਿਰਿਆਵਾਂ ਕਰਨਾ, ਉਹਨਾਂ ਨੂੰ ਖਾਣਾ ਖੁਆਉਣਾ ਅਤੇ ਕੱਪੜੇ ਬਦਲਣਾ, ਉਹਨਾਂ ਨੂੰ ਬਾਹਰ ਲੈ ਕੇ ਜਾਣਾ - ਇਹ ਯਕੀਨੀ ਬਣਾਉਣਾ ਕਿ ਉਹ ਖੁਸ਼ ਹਨ ਅਤੇ ਅਨੰਦ ਲੈ ਰਹੇ ਹਨ। (ਬਾਲਸੰਭਾਲਕਾਂ ਲਈ ਤੱਥਾਂ ਬਾਰੇ ਦੇਖੋ ਪੰਨਾ 10)।

## ਕੀ ਤੁਸੀਂ ਸਿੱਖਣ ਵਾਸਤੇ ਧਿਆਨ ਦਿੰਦੇ ਹੋ?

ਜੇ ਤੁਸੀਂ ਕਿਸ਼ੋਰ ਅਵਸਥਾ ਦੀ 16 -19 ਸਾਲਾਂ ਦੀ ਮੰਮੀ ਜਾਂ ਡੈਡੀ ਹੋ ਅਤੇ ਪੜ੍ਹਾਈ ਕਰਨਾ ਸ਼ੁਰੂ ਕਰਨਾ ਜਾਂ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਇਸ ਵਿੱਚ ਕਿਵੇਂ ਸਫਲ ਹੋ ਸਕਦੇ ਹੋ? ਕੇਅਰ ਟੂ ਲਰਨ ਸਕੀਮ (Care To Learn Scheme) ਦਾ ਧੰਨਵਾਦ ਕਰੋ, ਤੁਹਾਡੇ ਬਾਲ ਸੰਭਾਲ ਅਤੇ ਵਾਧੂ ਯਾਤਰਾ ਖਰਚੇ ਅਦਾ ਕੀਤੇ ਜਾ ਸਕਦੇ ਹਨ। ਕੀ ਕੇਅਰ ਟੂ ਲਰਨ ਤੁਹਾਡੀ ਮਦਦ ਕਰ ਸਕਦੀ ਹੈ, ਬਾਰੇ ਜਾਣਨ ਲਈ ਹੈਲਪਲਾਈਨ ਨੂੰ **0845 600 2809** ਤੇ ਕਾਲ ਕਰੋ ਜਾਂ www.dfes.gov.uk/caretolearn/parents.cfm ਦੇਖੋ। ਏਥੇ ਤੁਸੀਂ ਅਸਲ ਜਿੰਦਗੀ ਚੋਂ ਲਈਆਂ ਕਹਾਣੀਆਂ, ਸਿੱਖਿਆ ਕੋਰਸਾਂ ਦੀਆਂ ਕਿਸਮਾਂ, ਆਮ ਤੌਰ ਤੇ ਪੁੱਛੇ ਜਾਣ ਵਾਲੇ ਪ੍ਰਸ਼ਨ (FAQs) ਅਤੇ ਲਾਭਕਾਰੀ ਲਿੰਕ ਦੇਖੋਗੇ।

**ਜਿਆਦਾ ਜਾਣਕਾਰੀ ਵਾਸਤੇ...**ਜੇ ਤੁਸੀਂ ਬਾਲ ਸੰਭਾਲ ਵਿਚਲੇ ਫ਼ਲ-ਭਰਪੂਰ ਅਤੇ ਲਚਕਦਾਰ ਕੈਰੀਅਰ ਵਿੱਚ ਦਿਲਚਸਪੀ ਰੱਖਦੇ ਹੋ ਤਾਂ ਤੁਸੀਂ ਨੈਸ਼ਨਲ ਚਾਈਲਡਕੇਅਰ ਰਿਕਰੂਟਮੈਂਟ ਆਰਡਰ ਲਾਈਨ ਨੂੰ **0800 996600** ਤੇ ਕਾਲ ਕਿਉਂ ਨਹੀਂ ਕਰਦੇ ਅਤੇ **LFC** ਹਵਾਲਾ ਦੇਕੇ ਮੁਫਤ ਜਾਣਕਾਰੀ ਪੁਲੰਦਾ ਕਿਉਂ ਨਹੀਂ ਮੰਗਦੇ।

ਬਦਲਵੇਂ ਤੌਰ ਤੇ ਤੁਸੀਂ ਆਪਣੀ ਸਥਾਨਕ ਅਥਾਰਟੀ ਦੀ ਰਿਕਰੂਟਮੈਂਟ ਟੀਮ ਨੂੰ ਸੰਪਰਕ ਕਰ ਸਕਦੇ ਹੋ। ਉਹਨਾਂ ਦੇ ਵਿਸਥਾਰ www.childcarecareers.gov.uk ਤੇ ਦੇਖੇ ਜਾ ਸਕਦੇ ਹਨ। ਉਹ ਤੁਹਾਨੂੰ ਤੁਹਾਡੇ ਖੇਤਰ ਵਿਚਲੀਆਂ ਨੌਕਰੀਆਂ ਅਤੇ ਸਿਖਲਾਈ ਦੇ ਮੌਕਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ। ਕੀ ਉਮੀਦ ਕੀਤੀ ਜਾਵੇ ਬਾਰੇ ਇੱਕ ਅੰਦਰੂਨੀ ਬੰਦੇ ਦਾ ਨਜ਼ਰੀਆ ਅਤੇ ਇਸ ਖੇਤਰ ਵਿੱਚ ਪਹਿਲਾਂ ਤੋਂ ਹੀ ਕੰਮ ਕਰਦੇ ਲੋਕਾਂ ਦੇ ਕੇਸਾਂ ਦੀਆਂ ਪੜਚੋਲਾਂ ਵੀ ਇਸ ਵੈੱਬਸਾਈਟ ਤੇ ਉਪਲਬਧ ਹਨ।

## ਸ਼ਿਓਰ ਸਟਾਰਟ, ਬਾਲ ਸੰਭਾਲ ਅਤੇ ਸ਼ੁਰੂਆਤੀ ਸਾਲਾਂ ਦਾ ਭਵਿੱਖ

ਪਿਛਲੇ ਕੁਝ ਸਾਲਾਂ ਤੋਂ ਸਰਕਾਰ ਨੇ ਬਾਲ ਸੰਭਾਲ ਅਤੇ ਸ਼ੁਰੂਆਤੀ ਸਾਲਾਂ ਸੇਵਾਵਾਂ ਦਾ ਵੱਡੇ ਪੱਧਰ ਤੇ ਵਿਸਥਾਰ ਕਰ ਦਿੱਤਾ ਹੈ। ਸਾਰੇ ਤਿੰਨ ਅਤੇ ਚਾਰ ਸਾਲਾਂ ਬੱਚੇ ਮੁਫ਼ਤ ਅੰਸ਼ਕ ਸਮੇਂ ਦੀ ਸ਼ੁਰੂਆਤੀ ਸਿੱਖਿਆ ਦੇ ਸਥਾਨ ਦੇ ਹੱਕਦਾਰ ਹਨ; ਹੁਣ 1.17 ਮਿਲੀਅਨ ਤੋਂ ਵੀ ਜ਼ਿਆਦਾ ਪੰਜੀਕਿਰਤ ਬਾਲ ਸੰਭਾਲ ਸਥਾਨ ਉਪਲਬਧ ਹਨ; ਹਰੇਕ ਸਥਾਨਕ ਅਥਾਰਟੀ ਵਿੱਚ ਇੱਕ ਬਾਲ ਜਾਣਕਾਰੀ ਸੇਵਾ ਹੈ ਜਿਹੜੀ ਕਿ ਪੰਜੀਕਿਰਤ ਬਾਲ ਸੰਭਾਲ ਸੇਵਾਵਾਂ ਬਾਰੇ ਨਵੀਨਤਮ ਜਾਣਕਾਰੀ

ਪ੍ਰਦਾਨ ਕਰਦੀ ਹੈ, ਅਤੇ ਇਹ ਯਕੀਨੀ ਬਣਾਉਣ ਲਈ ਕੌਮੀ ਮਿਆਰ ਸਥਾਪਤ ਕਰ ਦਿੱਤੇ ਗਏ ਹਨ ਕਿ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਿਹਾ ਵਿਅਕਤੀ ਢੁਕਵੇਂ ਤਰੀਕੇ ਨਾਲ ਸਿਖਲਾਈ ਪ੍ਰਾਪਤ ਹੈ ਅਤੇ ਉਸਦੀ ਪੜਤਾਲ ਹੋ ਚੁੱਕੀ ਹੈ।

ਪਰ ਅਜੇ ਵੀ ਕਰਨ ਵਾਸਤੇ ਬਹੁਤ ਕੁਝ ਹੈ। ਬਾਲ ਸੰਭਾਲ ਵਾਸਤੇ ਸਰਕਾਰ ਦੀ ਦਸ ਸਾਲਾਂ ਨੀਤੀ ਦਾ ਨਿਸ਼ਾਨਾ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਬੱਚਿਆਂ ਨੂੰ ਉਹਨਾਂ ਦੀ ਜਿੰਦਗੀ ਵਿੱਚ ਵਧੀਆ ਸ਼ੁਰੂਆਤ ਮਿਲੇ ਅਤੇ ਮਾਪਿਆਂ ਨੂੰ ਕੰਮ ਅਤੇ ਪਰਿਵਾਰਕ ਜੀਵਨ ਵਿੱਚ ਸੰਤੁਲਨ ਬੈਠਾਉਣ ਲਈ ਜ਼ਿਆਦਾ ਵਾਸਤਵਿਕ ਚੌਣਕਤੇ ਦਿੱਤੇ ਜਾ ਸਕਣ। ਯੋਜਨਾਵਾਂ ਵਿੱਚ ਸ਼ਾਮਲ ਹਨ :

• **ਜ਼ਿਆਦਾ ਛੁੱਟੀ** ਪਹਿਲੇ ਸਾਲ ਵਿੱਚ ਤੁਹਾਡੇ ਬੱਚੇ ਨਾਲ਼ ਜਿਆਦਾ ਸਮਾਂ ਬਿਤਾਉਣਾ : ਤਨਖਾਹ ਸਮੇਤ ਮਾਤਰੀ ਛੁੱਟੀ ਅਪਰੈਲ 2007 ਤੱਕ ਨੌਂ ਮਹੀਨਿਆਂ ਦੀ ਹੋ ਜਾਵੇਗੀ ਅਤੇ ਸਰਕਾਰ ਦਾ ਟੀਚਾ 2010 ਤੱਕ ਇਸਨੂੰ ਬਾਰਾਂ ਮਹੀਨਿਆਂ ਤੱਕ ਵਧਾਉਣ ਦਾ ਹੈ।

• **ਜ਼ਿਆਦਾ ਸ਼ਿਓਰ ਸਟਾਰਟ ਬਾਲ ਕੇਂਦਰ :** 2008 ਤੱਕ, ਹਰੇਕ ਸਥਾਨਕ ਅਥਾਰਟੀ ਵਿੱਚ ਘੱਟੋ ਘੱਟ ਇੱਕ ਜਰੂਰ ਹੋਵੇਗਾ ਅਤੇ 2010 ਤੱਕ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਹਰੇਕ ਪਰਿਵਾਰ ਦੀ ਸ਼ਿਓਰ ਸਟਾਰਟ ਬਾਲ ਸੇਵਾਵਾਂ ਤੱਕ ਪੁਹੰਚ ਹੋਵੇਗੀ।

• **ਬਾਲ ਸੰਭਾਲ ਦੇ ਖਰਚਿਆਂ ਵਿੱਚ ਹੋਰ ਮਦਦ** ਬੁਹਤ ਸਾਰੇ ਮਾਪਿਆਂ ਵਾਸਤੇ : ਅਪਰੈਲ 2005 ਤੋਂ ਕੋਈ ਮਾਂ-ਬਾਪ ਕੰਮਕਾਜੀ ਟੈਕਸ ਜਮ੍ਹਾਂ ਰਾਹੀਂ ਯੋਗ ਬਾਲ ਸੰਭਾਲ ਖਰਚਿਆਂ ਦੇ 70% ਤੱਕ ਦਾ ਦਾਅਵਾ ਕਰ ਸਕਦਾ ਹੈ ਜਿਹੜਾ ਕਿ 1 ਬੱਚੇ ਲਈ ਇੱਕ ਹਫਤੇ ਵਾਸਤੇ 175 ਪੌਂਡ ਤੱਕ ਬੈਠਦਾ ਹੈ ਅਤੇ 2 ਜਾਂ ਵੱਧ ਬੱਚਿਆਂ ਵਾਸਤੇ 300 ਪੌਂਡ ਤੱਕ ਹੈ। ਅਪਰੈਲ 2006 ਤੋਂ, ਕੰਮਕਾਜੀ ਟੈਕਸ ਜਮ੍ਹਾਂ ਵਿੱਚ ਤਬਦੀਲੀਆਂ ਦਾ ਮਤਲਬ ਹੋਵੇਗਾ ਕਿ ਕੋਈ ਦੋ ਬੱਚਿਆਂ ਦੇ ਰਵਾਇਤੀ ਬਾਲ ਸੰਭਾਲ ਖਰਚਿਆਂ ਵਾਲਾ ਕੰਮਕਾਜੀ ਜੋੜਾ ਜਿਹੜਾ ਕਿ, ਉਦਾਹਰਨ ਲਈ, 34,000 ਪੌਂਡ ਪ੍ਰਤੀ ਸਾਲ ਕਮਾਉਂਦਾ ਹੈ, 700 ਪੌਂਡ ਤੱਕ ਦੀ ਬੱਚਤ ਕਰ ਸਕਦਾ ਹੈ।

• **8 ਵਜੇ ਸਵੇਰ ਤੋਂ ਲੈਕੇ ਸ਼ਾਮ 6 ਵਜੇ ਤੱਕ ਬਾਲ ਸੰਭਾਲ ਅਤੇ ਨਿਗਰਾਨੀ ਤਹਿਤ ਕਿਰਿਆਵਾਂ ਦੀ ਪੇਸ਼ਕਸ਼ ਕਰਦੇ ਸਕੂਲ ਅਤੇ ਹੋਮਵਰਕ ਕਲੱਬਾਂ।**

• **ਸਾਲ ਵਿੱਚ 38 ਹਫਤਿਆਂ ਵਾਸਤੇ ਸਾਰੇ ਤਿੰਨ ਅਤੇ ਚਾਰ ਸਾਲਾਂ ਬੱਚਿਆਂ ਵਾਸਤੇ ਮੁਫ਼ਤ ਨਰਸਰੀ ਸਥਾਨ,** ਲੰਬੇ ਘੰਟਿਆਂ ਦੀ ਉਪਲਬਧਤ ਨਾਲ: 2007 ਤੱਕ 15 ਘੰਟੇ ਅਤੇ ਲੰਬੇ ਸਮੇਂ ਲਈ 20 ਘੰਟੇ। ਸਮੇਂ ਪਾਕੇ ਘੰਟਿਆਂ ਨੂੰ ਲਚਕਦਾਰ ਤਰੀਕੇ ਨਾਲ ਵਰਤਣ ਦਾ ਚੌਣਕਤਾ ਵੀ ਹੋਵੇਗਾ। ਉਦਾਹਰਨ ਲਈ 15 ਘੰਟਿਆਂ ਨੂੰ 5 ਘੰਟਿਆਂ ਦੇ ਤਿੰਨ ਦਿਨਾਂ ਵਿੱਚ ਲੈਣਾ।

**ਜਿਆਦਾ ਜਾਣਕਾਰੀ ਵਾਸਤੇ...**www.surestart.gov.uk ਦੇਖੋ।

## ਜਾਣਕਾਰੀ ਕਿੱਥੋਂ ਲੱਭੀ ਜਾਵੇ (WHERE TO FIND INFO)

ਆਪਣੀ ਸਥਾਨਕ ਬਾਲ ਜਾਣਕਾਰੀ ਸੇਵਾ ਨਾਲ ਸੰਪਰਕ ਕਰਨ ਤੋਂ ਸ਼ੁਰੂ ਕਰੋ। ਹਰੇਕ ਸਥਾਨਕ ਅਥਾਰਟੀ ਵਿੱਚ ਇੱਕ ਬਾਲ ਜਾਣਕਾਰੀ ਸੇਵਾ ਹੁੰਦੀ ਹੈ ਅਤੇ ਹਰੇਕ ਕੋਲ ਤੁਹਾਡੇ ਖੇਤਰ ਵਿੱਚ ਉਪਲਬਧ ਵੱਖੋ ਵੱਖਰੀਆਂ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਸੇਵਾਵਾਂ ਦੀ ਸੂਚੀ ਹੁੰਦੀ ਹੈ। ਇਹਨਾਂ ਸੂਚੀਆਂ ਨੂੰ ਲਗਾਤਾਰ ਨਵੀਨਤਮ ਕੀਤਾ ਜਾਂਦਾ ਹੈ ਅਤੇ ਉਹਨਾਂ ਵਿਚਲੇ ਪੰਜੀਕਿਰਤ ਬਾਲ ਸੰਭਾਲਕ ਅਤੇ ਸਥਾਨ ਆਫਿਸ ਫਾਰ ਸਟੈਂਡਰਡਜ ਇਨ ਐਜੂਕੇਸ਼ਨ (Ofsted) ਵੱਲੋਂ ਬਕਾਇਦਾ ਕੀਤੀ ਜਾਂਦੀ ਪੜਤਾਲ ਦੇ ਘੇਰੇ ਵਿੱਚ ਆਉਣਗੇ, ਇਸ ਕਰਕੇ ਤੁਸੀਂ ਸੁਰੱਖਿਆ ਅਤੇ ਮਿਆਰਾਂ ਬਾਰੇ ਨਿਸ਼ਚਿੰਤ ਹੋ ਸਕਦੇ ਹੋ (ਦੇਖੋ ਪੰਨਾ 50)। ਸੰਪਰਕ ਵਿਸਥਾਰਾਂ ਤੋਂ ਇਲਾਵਾ ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ, ਤੁਹਾਨੂੰ ਲਾਭਦਾਇਕ ਜਾਣਕਾਰੀ ਵੀ ਪ੍ਰਦਾਨਕ ਕਰੇਗੀ ਜਿਵੇਂ ਕਿ ਖੁੱਲ੍ਹਣ ਦਾ ਸਮਾਂ, ਉਮਰ ਹੱਦਾਂ, ਪਾਰਕਿੰਗ ਦੀਆਂ ਸੁਵਿਧਾਵਾਂ - ਜੋ ਕਿ ਸਿੱਧੇ ਤੌਰ ਤੇ ਸੰਪਰਕ ਕਰਨ ਤੋਂ ਪਹਿਲਾਂ ਤੁਹਾਨੂੰ ਸ਼ੁਰੂ ਕਰਨ ਵਾਸਤੇ ਕਾਫੀ ਹਨ।

**ਜਿਆਦਾ ਜਾਣਕਾਰੀ ਵਾਸਤੇ...**ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ ਦੇ ਟੈਲੀਫੋਨ ਨੰਬਰ ਵਾਸਤੇ ਚਾਈਲਡਕੇਅਰਲਿੰਕ ਨੂੰ **0800 096 02 96** ਤੇ ਕਾਲ ਕਰੋ ਜਾਂ **www.childcarelink.gov.uk** ਦੇਖੋ। ਬੱਚਿਆਂ, ਮਾਪਿਆਂ ਜਾਂ ਭਾਈਚਾਰੇ ਵਾਸਤੇ ਸਰਕਾਰੀ ਸਹਾਇਤਾ ਬਾਰੇ ਜਾਣਕਾਰੀ ਲਈ **www.surestart.gov.uk** ਦੇਖੋ। ਤੁਹਾਡੇ ਬੱਚੇ ਦੀ ਸਿੱਖਿਆ ਬਾਰੇ ਜਾਣਕਾਰੀ ਅਤੇ ਸਲਾਹ ਵਾਸਤੇ ਅਤੇ ਮਾਪਿਆਂ ਲਈ ਸਲਾਹ ਅਤੇ ਸਹਾਇਤਾ ਵਾਸਤੇ www.parentscentre.gov.uk ਦੇਖੋ। ਕੇਂਦਰ ਸਰਕਾਰ ਦੇ ਵਿਭਾਗਾਂ ਬਾਰੇ ਹਰ ਤਰਾਂ ਦੀ ਜਾਣਕਾਰੀ ਲੈਣ ਲਈ www.direct.gov.uk ਦੇਖੋ।

## ਸੰਪਰਕ ਪਤੇ

ਬਹੁਤ ਸਾਰੀਆਂ ਸੰਸਥਾਵਾਂ ਬਾਲ ਸੰਭਾਲ ਅਤੇ ਸ਼ੁਰੂਆਤੀ ਸਿੱਖਿਆ ਮਾਮਲਿਆਂ ਬਾਰੇ ਜਾਣਕਾਰੀ ਦੇਣ ਅਤੇ ਵਿਸ਼ੇਸ਼ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਪੇਸ਼ਕਸ਼ ਵਾਸਤੇ ਤਿਆਰ ਹਨ - ਆਨਲਾਈਨ ਵੀ ਜਾਂ ਫਿਰ ਫੋਨ ਉੱਤੇ ਵੀ। ਇਹਨਾਂ ਨੂੰ ਸ਼ੁਰੂਆਤੀ ਬਿੰਦੂਆਂ ਵਜੋਂ ਲੈਕੇ ਕੋਸ਼ਿਸ਼ ਕਰ :

**A**

4Children (formerly Kids' Clubs Network)

ਫਾਰਚਿਲਡਰਨ (ਪਹਿਲਾਂ ਇਸਨੂੰ ਕਿਡਜ ਕਲੱਬ ਨੈਟਵਰਕ ਕਹਿੰਦੇ ਸਨ)

City Reach, 5 Greenwich View Place London E14 9NN

ਟੈਲੀਫ਼ੋਨ : 020 7512 2112 ਫੈਕਸ : 020 7537 6012

ਈ-ਮੇਲ : Info@4Children.org.uk

**www.4children.org.uk**

**B**

Basic Skills

(ਮੁੱਢਲੇ ਹੁਨਰ)

**www.basic-skills.co.uk**

Bookstart

(ਬੁੱਕਸਟਾਰਟ)

ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦੀ ਪੇਸ਼ਕਸ਼ ਕਰਨ ਵਾਲੀ ਇੱਕ ਕੌਮੀ ਯੋਜਨਾ

**www.bookstart.co.uk**

**C**

CAPT Child Accident Prevention Trust

(ਕੈਪਟ ਚਾਈਲਡ ਐਕਸੀਡੈਂਟ ਪਰਿਵੈਨਸ਼ਨ ਟਰੱਸਟ)

22-26 Farringdon Lane, London EC1R 3AJ

ਟੈਲੀਫ਼ੋਨ : 020 7608 3828

ਈ-ਮੇਲ : safe@capt.org.uk

**www.capt.org.uk**

Care to Learn

(ਕੇਅਰ ਟੂ ਲਰਨ)

ਜੇ ਤੁਸੀਂ ਕੋਈ ਵਿਦਿਆਰਥੀ ਹੋ (19 ਸਾਲ ਤੋਂ ਘੱਟ) ਤਾਂ ਤੁਸੀਂ ਬਾਲ ਸੰਭਾਲ ਲਈ ਅਦਾਇਗੀ ਕਰਨ ਵਾਸਤੇ ਮਦਦ ਲੈ ਸਕਦੇ ਹੋ।

ਹੈਲਪਲਾਈਨ : 0845 600 2809 ਜਾਂ ਦੇਖੋ

**www.dfes.gov.uk/caretolearn/parents.cfm**

Child Benefit Enquiry Line

(ਚਾਈਲਡ ਬੈਨੀਫਿਟ ਇਨਕੁਆਇਰੀ ਲਾਈਨ)

ਟੈਲੀਫੋਨ : 0845 302 1444

**www.inlandrevenue.gov.uk**

Childcare Approval Scheme

(ਬਾਲ ਸੰਭਾਲ ਮਨਜ਼ੂਰੀ ਯੋਜਨਾ)

ਹੈਲਪਲਾਈਨ : 0845 767 8111

**www.childcareapprovalscheme.co.uk**

Childcare Careers

(ਚਾਈਲਡਕੇਅਰ ਕੈਰੀਅਰਜ਼)

ਬਾਲ ਸੰਭਾਲ ਵਿੱਚ ਕੈਰੀਅਰਾਂ ਵਾਸਤੇ, ਸੂਚਨਾ ਸਲਾਹ ਅਤੇ ਕੇਸ ਪੜਚੋਲਾਂ

**www.childcarecareers.gov.uk**

ChildcareLink

(ਚਾਈਲਡਕੇਅਰਲਿੰਕ)

ਤੁਹਾਡੀ ਸਥਾਨਕ ਬਾਲ ਜਾਣਕਾਰੀ ਸੇਵਾ (CIS) ਬਾਰੇ ਵਿਸਥਾਰ ਦਿੰਦੀ ਹੈ, ਜਿਹੜੀ ਕਿ ਤੁਹਾਡੇ ਖੇਤਰ ਵਿੱਚ ਪੰਜੀਕਿਰਤ ਬਾਲ ਸੰਭਾਲ ਦੀ ਸੂਚੀ ਪ੍ਰਦਾਨ ਕਰਦੀ ਹੈ। ਟੈਲੀਫੋਨ : 0800 096 02 96

**www.childcarelink.gov.uk**

**C**

Children's Information Service (CIS)

(ਸਥਾਨਕ ਬਾਲ ਜਾਣਕਾਰੀ ਸੇਵਾ (CIS))

ਭਾਈਚਾਰੇ ਵਿੱਚ ਸਥਿਤ, ਤੁਹਾਡੀ CIS ਕੋਲ ਸਾਰੀ ਸਥਾਨਕ ਬਾਲਸੰਭਾਲ, ਸ਼ੁਰੂਆਤੀ ਸਿੱਖਿਆ ਅਤੇ ਬੱਚਿਆਂ ਅਤੇ ਮਾਪਿਆਂ ਲਈ ਹੋਰ ਸੰਭਾਲ ਅਤੇ ਸਹਾਇਤਾ ਬਾਰੇ ਜਾਣਕਾਰੀ ਹੁੰਦੀ ਹੈ। ਤੁਹਾਡੀ ਸਥਾਨਕ CIS ਵਾਸਤੇ 0800 096 02 96 ਤੇ ਕਾਲ ਕਰੋ।

**www.childcarelink.gov.uk** ਤੁਹਾਡੀ ਸਥਾਨਕ CIS ਦੇ ਨੰਬਰ ਲਈ।

Children in Scotland

(ਚਾਈਲਡਰਨ ਇਨ ਸਕਾਟਲੈਂਡ)

ਸਕਾਟਲੈਂਡ ਵਿੱਚ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸੇਵਾਵਾਂ ਬਾਰੇ ਜਾਣਕਾਰੀ

ਟੈਲੀਫੋਨ : 0131 228 8484

ਈ-ਮੇਲ : info@childreninscotland.org.uk

**www.childreninscotland.org.uk**

Children in Wales / Plant Yng Nghymru
(ਚਾਈਲਡਰਨ ਇਨ ਵੇਲਜ਼ / ਪਲਾਂਟ ਯਾਂਗ ਨਾਈਮਰੂ)

ਸਕਾਟਲੈਂਡ ਵਿੱਚ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸੇਵਾਵਾਂ ਬਾਰੇ ਜਾਣਕਾਰੀ

ਟੈਲੀਫੋਨ : 02920 342434

ਈ-ਮੇਲ : info@childreninwales.org.uk
**www.childreninwales.org.uk**

Child Support Agency
(ਬਾਲ ਸਹਾਇਤਾ ਏਜੰਸੀ)

ਟੈਲੀਫੋਨ : 0845 713 3133
**www.csa.gov.uk**

Citizens Advice Bureau
(ਸਿਟੀਜਨਜ ਅਡਵਾਈਸ ਬਿਉਰੋ)
**www.adviceguide.org.uk**

Contact a Family
(ਕੌਂਨਟੈਕਟ ਏ ਫੈਮਲੀ)

ਅਪੰਗ ਬੱਚਿਆਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ

ਹੈਲਪਲਾਈਨ : 0808 808 3555 - ਜਿੱਥੇ ਤੁਸੀਂ ਆਪਣੇ ਖੇਤਰ ਦੇ ਹੋਰ ਮਾਪਿਆਂ ਨਾਲ ਆਪਣੀਆਂ ਲੋੜਾਂ ਤੇ ਵਿਚਾਰ ਕਰ ਸਕਦੇ ਹੋ

Crossroads
(ਕਰਾਸਰੋਡਜ਼)

ਜੇਕਰ ਤੁਹਾਡੇ ਬੱਚੇ ਦੀਆਂ ਗੁੰਝਲਦਾਰ ਲੋੜਾਂ ਹੋਣ ਤਾਂ ਸਲਾਹ ਅਤੇ ਸਿੱਖਿਅਤ ਸਹਾਇਤਾ ਕਾਰਕੁੰਨ ਪ੍ਰਦਾਨ ਕਰਾ ਸਕਦੀ ਹੈ।

ਟੈਲੀਫੋਨ : 0845 450 0350

**D**
Daycare Trust
(ਡੇਕੇਅਰ ਟਰੱਸਟ)

ਨੈਸ਼ਨਲ ਚਾਈਲਡਬਰਥ ਟਰੱਸਟ
21 St. George’s Rd, London SE1 6ES

ਟੈਲੀਫੋਨ : 020 7840 3350

ਈ-ਮੇਲ : info@daycaretrust.org.uk
**www.daycaretrust.org.uk**

**D**
Department for Trade and Industry (DTI)
(ਡਿਪਾਰਟਮੈਂਟ ਫਾਰ ਟਰੇਡ ਐਂਡ ਇੰਡਸਟਰੀ (DTI))
**www.dti.gov.uk**
**www.tiger.gov.uk**

ਡੀ.ਟੀ.ਆਈ. ਦੀ ਟੇਲਰਡ ਇੰਟਰਐਕਟਿਵ ਗਾਈਡੈਂਸ ਆਨ ਇਪਲਾਇਮੈਂਟ ਰਾਈਟਸ (ਟਾਈਗਰ) ਮਾਤਰੀ ਅਤੇ ਪਿਤਰੀ ਛੁੱਟੀ, ਲਚਕਦਾਰ ਤਰੀਕੇ ਨਾਲ ਕੰਮ ਕਰਨਾ ਆਦਿ।

DirectGov
(ਡਾਇਰੈਕਟਗਵ)

ਕੇਂਦਰੀ ਸਰਕਾਰ ਬਾਰੇ ਏ ਤੋਂ ਜ਼ੈਡ ਤੱਕ ਜਾਣਕਾਰੀ

ਕੇਂਦਰ ਸਰਕਾਰੀ ਦੇ ਵਿਭਾਗਾਂ, ਕਾਰਜਕਾਰੀ ਏਜੰਸੀਆਂ ਅਤੇ ਗੈਰ-ਵਿਭਾਗੀ ਜਨਤਕ ਸੰਸਥਾਵਾਂ ਦੀ ਸੂਚੀ ਦਿੰਦੀ ਹੈ।
**www.direct.gov.uk**

Direct payments
(ਡਾਇਰੈਕਟ ਪੇਮੈਂਟਸ)

ਟੈਲੀਫੋਨ : 08701 555 455

‘ਸਿੱਧੀਆਂ ਅਦਾਇਗੀਆਂ ਵਾਸਤੇ ਮਾਪਿਆਂ ਲਈ ਗਾਈਡ’ ਦੀ ਇੱਕ ਕਾਪੀ ਵਾਸਤੇ (ਹਵਾਲਾ 31762 ਦਿੰਦੇ ਹੋਏ)

Disability Benefits Helpline
(ਅਪੰਗਤਾ ਭੱਤੇ ਹੈਲਪਲਾਈਨ)

ਟੈਲੀਫੋਨ : 0800 88 22 00

Disability Rights Commission
(ਅਪੰਗਤਾ ਅਧਿਕਾਰ ਕਮਿਸ਼ਨ)

ਕਾਨੂੰਨੀ ਜਰੂਰਤਾਂ ਵਾਸਤੇ ਵਿਸਥਾਰ-ਪੂਰਵਕ ਆਗਵਾਨੀ ਲਈ।

ਟੈਲੀਫੋਨ : 08457 622633

**E**
Early Support Programme
(ਸ਼ੁਰੂਆਤੀ ਸਹਾਇਤਾ ਪ੍ਰੋਗਰਾਮ)

ਅਪੰਗ ਬੱਚਿਆਂ, ਖਾਸ ਕਰਕੇ ਤਿੰਨ ਸਾਲ ਤੋਂ ਘੱਟ ਉਮਰ ਵਾਲਿਆਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਇੱਕ ਸਰਕਾਰੀ ਪਹਿਲ। ਇੱਕ ‘ਸ਼ੁਰੂਆਤੀ ਸਹਾਇਤਾ ਪਰਿਵਾਰਕ ਪੁਲੰਦਾ’ ਵਾਸਤੇ 0845 60 222 60 ਤੇ ਕਾਲ ਕਰੋ ਅਤੇ ਹਵਾਲਾ ESPP1 ਦਿਓ।

**www.espp.org.uk** – ਸ਼ੁਰੂਆਤੀ ਸਹਾਇਤਾ ਪ੍ਰੋਗਰਾਮ ਬਾਰੇ ਜਿਆਦਾ ਜਾਣਕਾਰੀ ਵਾਸਤੇ

Early Years Equality

(ਸ਼ੁਰੂਆਤੀ ਸਾਲਾਂ ਦੀ ਬਰਾਬਰਤਾ)

ਨਸਲੀ ਘੱਟ ਗਿਣਤੀ ਮਾਪਿਆਂ ਵਾਸਤੇ ਸਹਾਇਤਾ ਪ੍ਰਦਾਨ ਕਰਦੀ ਹੈ

ਟੈਲੀਫੋਨ : 0151 639 1778

info@earlyyearsequality.org
www.earlyyearsequality.org

Employment Agency Standards – Department of Trade and Industry (DTI)

(ਰੁਜ਼ਗਾਰ ਏਜੰਸੀ ਮਿਆਰ - ਡਿਪਾਰਟਮੈਂਟ ਆਫ ਟਰੇਡ ਐਂਡ ਇੰਡਸਟਰੀ (DTI))

ਏਜੰਸੀ ਦੇ ਵਿਹਾਰ ਬਾਰੇ ਮੁਫ਼ਤ ਅਤੇ ਗੁਪਤ ਸ਼ਿਕਾਇਤਾਂ ਸੇਵਾ।

ਪਰਿਵਾਰਾਂ ਅਤੇ ਨੈਨੀਆਂ ਵੱਲੋਂ ਕੀਤੀਆਂ ਗਈਆਂ ਕਿਸੇ ਵੀ ਤਰਾਂ ਦੀਆਂ ਸ਼ਿਕਾਇਤਾਂ ਦੀ ਛਾਣਬੀਣ ਕਰਦੀ ਹੈ।

1 Victoria Street, London SW1H 0ET

ਹੈਲਪਲਾਈਨ : 0845 955 5105 (ਲੋਕਲ ਕਾਲ ਰੇਟ ਲਾਗੂ ਹੁੰਦੇ ਹਨ)

ਈ-ਮੇਲ : eas@dti.gsi.gov.uk

www.dti.gov.uk/er/agency-kyr.html

Equal Opportunities Commission

(ਬਰਾਬਰ ਮੌਕੇ ਕਮਿਸ਼ਨ)

ਕੰਮ ਵਾਲੀ ਜਗ੍ਹਾ ਤੇ ਪਿਤਰੀ ਹੱਕਾਂ ਬਾਰੇ ਸਲਾਹ

ਟੈਲੀਫੋਨ : 0845 601 5901

www.eoc.org.uk

**F**

Fathers Direct

(ਫਾਦਰਜ਼ ਡਾਇਰੈਕਟ)

ਡੈਡੀਆਂ ਬਾਰੇ ਲਾਭਕਾਰੀ ਜਾਣਕਾਰੀ

www.fathersdirect.com

Forum for maintained nursery schools and Children's Centres

(ਸੰਭਾਲ ਅਧੀਨ ਨਰਸਰੀ ਸਕੂਲਾਂ ਅਤੇ ਬਾਲ ਕੇਂਦਰਾਂ ਬਾਰੇ ਫੋਰਮ)

www.early-education.org.uk/nsfnewhome.htm

**G**

Gingerbread

(ਜਿੰਜਰਬਰੈੱਡ)

ਸਲਾਹ ਲਾਈਨ ਮੁਫ਼ਤਫੋਨ ਸੇਵਾ

ਟੈਲੀਫੋਨ : 0800 018 4318.

www.gingerbread.org.uk

**H**

Healthy Eating

(ਸਿਹਤਮੰਦ ਖਾਣਾ)

ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਸਬੰਧਤ ਸਿਹਤ ਮਾਮਲਿਆਂ ਬਾਰੇ ਸਲਾਹ।

www.publications.doh.gov.uk/birthtofive

HomeDad

(ਹੋਮਡੈਡ)

ਉਹਨਾਂ ਪਿਤਾਵਾਂ ਦੀ ਸਹਾਇਤਾ ਕਰਦੀ ਹੈ ਜਿਹੜੇ ਬੱਚਿਆਂ ਨੂੰ ਪਾਲਣ ਲਈ ਘਰੇ ਰਹਿੰਦੇ ਹਨ

www.HomeDad.org.uk

Home Start

(ਹੋਮਸਟਾਰਟ)

ਛੋਟੇ ਬੱਚਿਆਂ ਵਾਲੇ ਮਾਪਿਆਂ ਨੂੰ ਦੋਸਤੀ, ਸਹਾਇਤਾ ਅਤੇ ਵਿਹਾਰਕ ਮਦਦ ਦੀ ਪੇਸ਼ਕਸ਼ ਕਰਦੀ ਹੈ।

www.home-start.org.uk

**I**

Inland Revenue Tax Credits

(ਅੰਦਰੂਨੀ ਮਾਲੀਆ ਟੈਕਸ ਜਮ੍ਹਾਂ)

ਤੁਹਾਡੇ ਟੈਕਸ ਜਮ੍ਹਾਂ ਹੱਕਾਂ ਸਬੰਧੀ ਜਾਣਕਾਰੀ ਵਾਸਤੇ।

ਟੈਲੀਫੋਨ : ਟੈਕਸ ਜਮ੍ਹਾਂ ਹੈਲਪਲਾਈਨ 0845 300 3900

www.taxcredits.inlandrevenue.gov.uk

(ਕੇਵਲ ਟੈਕਸ ਜਮ੍ਹਾਂ ਸਬੰਧੀ ਪ੍ਰਸ਼ਨਾਂ ਵਾਸਤੇ)

**J**

Jobcentre Plus

(ਜੌਬਸੈਂਟਰ ਪਲੱਸ)

www.jobcentreplus.gov.uk

**K**

Kidsactive

(ਕਿਡਜ਼ਐਕਟਿਵ)

ਅਪੰਗ ਬੱਚਿਆਂ ਵਾਸਤੇ ਖੇਡ ਅਤੇ ਮੌਕਾ।

6 Aztec Row, Berners Road, London N1 0PW

ਟੈਲੀਫੋਨ : 020 7359 3635 ਫੈਕਸ : 020 7359 8238

ਈ-ਮੇਲ: enquiries@kids-online.org.uk

www.kidsactive.org.uk

Know your Rights

(ਆਪਣੇ ਅਧਿਕਾਰ ਜਾਣੋ)

ਕੰਮਕਾਜੀ ਮੁੱਦਿਆਂ ਬਾਰੇ ਜਾਣਕਾਰੀ ਲੈਣ ਲਈ, ਆਪਣੇ ਅਧਿਕਾਰ ਜਾਣੋ ਲਾਈਨ ਨੂੰ ਕਾਲ ਕਰੋ।

ਟੈਲੀਫੋਨ : 0870 600 4882

www.tuc.org.uk

**L**

Learndirect

(ਲਰਨਡਾਇਰੈਕਟ)

www.learndirect.co.uk

**M**

Maternity Grant

(ਮਾਤਰੀ ਗਰਾਂਟ (ਜਣੇਪਾ ਗਰਾਂਟ))

ਸ਼ਿਓਰ ਸਟਾਰਟ ਮਾਤਰੀ ਗਰਾਂਟ। ਅਰਜ਼ੀ ਫਾਰਮ ਵਾਸਤੇ ਆਪਣੇ ਸਥਾਨਕ ਜੌਬਸੈਂਟਰ ਪਲੱਸ ਨਾਲ ਸੰਪਰਕ ਕਰੋ।

Maternity Alliance

(ਮੇਟਰਨਿਟੀ ਅਲਾਈਂਸ)

ਉਹਨਾਂ ਦੀ ਵੈੱਬਸਾਈਟ, ਟੈਲੀਫੋਨ ਹੈਲਪਲਾਈਨ ਰਾਹੀ ਮਾਤਰੀ ਅਤੇ ਪਿਤਰੀ ਅਧਿਕਾਰ ਅਤੇ ਹੱਕ।

ਜਾਣਕਾਰੀ ਲਾਈਨ : 020 7490 7638

www.maternityalliance.org.uk

**N**

National Association of Toy & Leisure Libraries

(ਨੈਸ਼ਨਲ ਐਸੋਸੀਏਸ਼ਨ ਆਫ ਟੁਆਏ ਐਂਡ ਲੈਯਰ ਲਾਇਬਰੇਰੀਜ)

ਟੈਲੀਫੋਨ : 020 7255 4600

admin@playmatters.co.uk

National Childbirth Trust

(ਨੈਸ਼ਨਲ ਚਾਈਲਡਬਰਥ ਟਰੱਸਟ)

ਗਰਭਅਵਸਥਾ, ਜਨਮ ਅਤੇ ਸ਼ੁਰੂਆਤੀ ਸਾਲਾਂ ਦੇ ਮਾਪਾ-ਪਣ ਵਾਸਤੇ ਜਾਣਕਾਰੀ ਅਤੇ ਸਹਾਇਤਾ ਵਾਸਤੇ

Alexandra House, Oldham Terrace, London W3 6NH

ਪ੍ਰਸ਼ਨ ਲਾਈਨ : 0870 444 8707

ਈ-ਮੇਲ : enquiries@national-childbirth-trust.co.uk

www.nctpregnancyandbabycare.com

National Childminding Association

(ਨੈਸ਼ਨਲ ਚਾਈਲਡਮਾਈਂਡਿੰਗ ਐਸੋਸੀਏਸ਼ਨ)

ਬਾਲ ਸੰਭਾਲਕ ਦੀ ਚੋਣ ਕਰਨ ਅਤੇ ਇਕਰਾਰਨਾਮੇ ਲਿਖਣ ਬਾਰੇ ਜਾਣਕਾਰੀ

8 Masons Hill, Bromley Kent, BR2 9EY

ਟੈਲੀਫੋਨ : 0800 169 4486

www.ncma.org.uk

National Day Nurseries Association

(ਨੈਸ਼ਨਲ ਡੇ-ਨਰਸਰੀਜ ਐਸੋਸੀਏਸ਼ਨ)

ਦੈਨਿਕ ਨਰਸਰੀਆਂ ਦੀ ਸੂਚੀ ਅਤੇ ਬਾਲ ਸੰਭਾਲ ਚੁਣਨ ਲਈ ਨੁਕਤਿਆਂ ਬਾਰੇ

Oak House, Woodvale Road Brighouse, West Yorkshire, HD6 4AB

ਟੈਲੀਫੋਨ : 0870 774 4244

www.ndna.org.uk

National Family & Parenting Institute

(ਨੈਸ਼ਨਲ ਫੈਮਲੀ ਐਂਡ ਪੇਰੰਿਟਗ ਇੰਸਟੀਚਿਊਟ)

430 Highgate Studios 53-79 Highgate Road London NW5 1TL

ਟੈਲੀਫੋਨ : 020 7424 3460

ਫੈਕਸ : 020 7485 3590

ਈ-ਮੇਲ : info@nfpi.org

www.nfpi.org or www.e-parents.org

NCH Action for Children

(ਐਨ.ਸੀ.ਐਚ. ਐਕਸ਼ਨ ਫਾਰ ਚਿਲਡਰਨ)

ਹੈਲਪਲਾਈਨ : 0845 762 6579 (ਕਾਲਾਂ ਸਥਾਨ ਰੇਟਾਂ ਦੇ ਹਿਸਾਬ ਨਾਲ ਚਾਰਜ ਕੀਤੀਆਂ ਜਾਂਦੀਆਂ ਹਨ, ਖੁੱਲ੍ਹਣ ਦਾ ਸਮਾਂ ਸਵੇਰੇ 9 ਵਜੇ - ਸ਼ਾਮ 5 ਵਜੇ, ਸੋਮਵਾਰ ਤੋਂ ਸ਼ੁੱਕਰਵਾਰ).

www.nchafc.org.uk

**N**

NSPCC (National Society for the Prevention of Cruelty to Children)

(ਐਨ.ਐਸ.ਪੀ.ਸੀ.ਸੀ. (ਨੈਸ਼ਨਲ ਸੋਸਾਇਟੀ ਫਾਰ ਦਾ ਪਰਿਵੈਨਸ਼ਨ ਆਫ ਕਰੂਇਲਟੀ ਟੂ ਚਿਲਡਰਨ))

ਹੈਲਪਲਾਈਨ 0808 800 5000

www.nspcc.org.uk

**O**

Office for Standards in Education (Ofsted)

(ਆਫਿਸ ਫਾਰ ਸਟੈਂਡਰਡਜ ਇਨ ਐਜੂਕੇਸ਼ਨ (ਆਫਸਟੈਡ))

ਗੰਭੀਰ ਸ਼ਿਕਾਇਤਾਂ ਅਤੇ / ਜਾਂ ਕਿਸੇ ਪੰਜੀਕਿਰਤ ਬਾਲ ਸੰਭਾਲ ਸੁਵਿਧਾ ਬਾਰੇ call Alexandra House (ਅਲੈਗਜੈਂਡਰਾ ਹਾਊਸ ਨੂੰ ਕਾਲ ਕਰ)

33 Kingsway, London WC2B 6SE

ਟੈਲੀਫੋਨ : 020 7421 6800 ਹੈਲਪਲਾਈਨ : 0845 601 4771

www.ofsted.gov.uk

One Parent Families

(ਵਨ ਪੇਰੈਂਟ ਫੈਮਲੀਜ)

ਬੱਚਿਆਂ ਨੂੰ ਆਪਣੇ ਆਪ ਪਾਲ ਰਹੇ ਮਾਪਿਆਂ ਵਾਸਤੇ ਜਾਣਕਾਰੀ ਅਤੇ ਸਲਾਹ

ਟੈਲੀਫੋਨ : 0800 018 5026

**www.oneparentfamilies.org.uk/**

ਸਥਾਨਕ ਸਹਾਇਤਾ ਗਰੁੱਪਾਂ ਵਾਸਤੇ ਦੇਖੋ Gingerbread (ਗਿੰਗਰਬਰੈਡ)

**P**

Parental Involvement

(ਮਾਪਿਆਂ ਦੀ ਸ਼ਮੂਲੀਅਤ)

ਪਿਤਰੀ ਸ਼ਮੂਲੀਅਤ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਇਸ ਸਾਈਟ ਤੇ ਦੇਖੀ ਜਾ ਸਕਦੀ ਹੈ

**www.standards.dfes.gov.uk/parentalinvolvement**

Parents Centre

(ਮਾਪਿਆਂ ਦਾ ਕੇਂਦਰ)

ਮਾਪਾ ਕੇਂਦਰ ਉਹਨਾਂ ਸਾਰੇ ਮਾਪਿਆਂ ਅਤੇ ਸੰਭਾਲਕਾਂ ਵਾਸਤੇ ਹੈ ਜਿਹੜੇ ਆਪਣੇ ਬੱਚੇ ਜਾਂ ਬੱਚਿਆਂ ਨੂੰ ਸਿੱਖਣ ਵਿੱਚ ਮਦਦ ਕਰਨੀ ਚਾਹੁੰਦੇ ਹਨ। ਇਹ ਤੁਹਾਨੂੰ ਤੁਹਾਡੀ ਬੱਚੇ ਦੀ ਸਿੱਖਿਆ ਅਤੇ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਬਾਰੇ ਜਾਣਕਾਰੀ ਅਤੇ ਸਲਾਹ ਦੇਣ ਵਾਸਤੇ ਹੈ।

**www.parentscentre.gov.uk**

Parentline Plus

(ਪੇਰੈਂਟਲਾਈਨ ਪਲੱਸ)

ਯੂ.ਕੇ. ਦੀ ਇੱਕ ਪੰਜੀਕਿਰਤ ਚੈਰਿਟੀ ਜਿਹੜੀ ਕਿ ਕਿਸੇ ਬੱਚੇ ਦੀ ਦੇਖਭਾਲ ਕਰ ਰਹੇ ਕਿਸੇ ਵੀ ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਮੁਫ਼ਤ 24 – ਘੰਟੇ ਹੈਲਪਲਾਈਨ ਵੀ ਪ੍ਰਦਾਨ ਕਰਦੀ ਹੈ।

ਟੈਲੀਫੋਨ : 0808 800 2222

**www.parentlineplus.org.uk**

Parents Online

(ਪੇਰੇਂਟਸ ਆਨਲਾਈਨ)

ਆਪਣੇ ਬੱਚੇ ਦੀ ਸ਼ੁਰੂਆਤੀ ਸਿੱਖਿਆ, ਅੰਤਰ-ਕਿਰਿਆਸ਼ੀਲ ਲਿੰਕਾਂ ਅਤੇ ਆਨਲਾਈਨ ਸੁਰੱਖਿਆ ਬਾਰੇ ਜਾਣੋ

www.parentsonline.gov.uk

Pre-School Learning Alliance

(ਪਰੀ-ਸਕੂਲ ਲਰਨਿੰਗ ਅਲਾਈਂਸ)

ਪਹਿਲ-ਸਕੂਲ ਸੁਵਿਧਾ ਬਾਰੇ ਜਾਣਕਾਰੀ ਲਈ

ਟੈਲੀਫੋਨ : 020 7833 0991

**www.pre-school.org.uk**

**P**

Professional Association of Nursery Nurses (PANN)

(ਪ੍ਰੋਫੈਸ਼ਨਲ ਐਸੋਸੀਏਸ਼ਨ ਆਫ ਨਰਸਰੀ ਨਰਸਜ (ਪੀ.ਏ.ਐਨ.ਐਨ.))

ਕਿਸੇ ਨੈਨੀ ਨੂੰ ਕੰਮ ਤੇ ਰੱਖਣ ਸਬੰਧੀ ਜਾਣਕਾਰੀ ਪੁਲੰਦੇ ਵਾਸਤੇ

2 St James Court, Friars Gate, Derby, DE1 1BT

ਟੈਲੀਫੋਨ : 01332 372 337

ਈ-ਮੇਲ : pann@pat.org.uk

**www.pat.org.uk/**

**Q**

Quality Checks See Ofsted

(ਗੁਣਵਤਾ ਪੜਤਾਲਾਂ ਦੇਖੋ ਆਫਸਟੈਡ)

**R**

Read and Write Plus

(ਰੀਡ ਐਂਡ ਰਾਈਟ ਪਲੱਸ)

**www.dfes.gov.uk/readwriteplus**

Recruitment and Employment Confederation (REC)

(ਰਿਕਰੂਟਮੈਂਟ ਐਂਡ ਇਮਪਲਾਇਮੈਂਟ ਕੌਨਫੈਡਰੇਸ਼ਨ (ਆਰ.ਈ.ਸੀ.))

ਸਭ ਕਿਸਮਾਂ ਦੇ ਬਾਲ ਸੰਭਾਲ ਚੌਨੁਕਤਿਆਂ ਅਤੇ ਨੈਨੀਆਂ ਵਾਸਤੇ ਰੁਜ਼ਗਾਰ ਲਈ ਨਮੂਨੇ ਦੇ ਇਕਰਾਰਨਾਮੇ ਵਾਸਤੇ।

36-38 Mortimer Street, London W1W 7RG

ਟੈਲੀਫੋਨ : 020 7462 3260

**www.rec.uk.com/rec/home/index.aspx**

**S**

Sure Start (ਸ਼ਿਓਰ ਸਟਾਰਟ) - ਬੱਚਿਆਂ, ਮਾਪਿਆਂ ਅਤੇ ਭਾਈਚਾਰਿਆਂ ਵਾਸਤੇ ਸਰਕਾਰੀ ਸਹਾਇਤਾ ਅਤੇ ਸਥਾਨਕ ਸ਼ਿਓਰ ਸਟਾਰਟ ਸਥਾਪਨਾ ਦੇ ਵਿਸਥਾਰਾਂ ਬਾਰੇ ਜਾਣਕਾਰੀ

ਟੈਲੀਫੋਨ : 0870 000 2288

**www.surestart.gov.uk/**

**T**

Tax Credit Helpline

(ਟੈਕਸ ਜਮ੍ਹਾਂ ਹੈਲਪਲਾਈਨ)

ਤੁਸੀ ਬਾਲ ਸੰਭਾਲ ਦੇ ਖਰਚਿਆਂ ਵਾਸਤੇ ਅਦਾਇਗੀ ਕਰਨ ਵਾਸਤੇ ਮਦਦ ਦੇ ਯੋਗ ਹੋ ਸਕਦੇ ਹੋ। ਬਾਲ ਟੈਕਸ ਜਮ੍ਹਾਂ ਅਤੇ ਕੰਮਕਾਜੀ ਟੈਕਸ ਜਮ੍ਹਾਂ, ਅਤੇ ਨਾਲ ਹੀ ਆਨਲਾਈਨ ਅਰਜ਼ੀ ਫਾਰਮ ਅਤੇ ਦਾਅਵਾ ਪੁਲੰਦਾ।

ਟੈਲੀਫੋਨ : ਟੈਕਸ ਜਮ੍ਹਾਂ ਹੌਟਲਾਈਨ ਨੂੰ 0845 300 3900 ਤੇ ਕਾਲ ਕਰੋ

**www.taxcredits.inlandrevenue.gov.uk**

**T**

TUC

(ਟੀ.ਯੂ.ਸੀ.)

ਕੰਮਕਾਜੀ ਮੁੱਦਿਆਂ ਬਾਰੇ ਮੁਫਤ ਕਿਤਾਬਚਿਆਂ ਦੀ ਲੜੀ, ਜਿਸ ਵਿੱਚ

ਮਾਤਰੀ ਹੱਕ ਵੀ ਸ਼ਾਮਲ ਹਨ। ਆਪਣੇ ਅਧਿਕਾਰ ਜਾਣੋ ਹੈਲਪਲਾਈਨ :

0870 600 4882

**www.tuc.org.uk**

Working Families

(ਕੰਮਕਾਜੀ ਪਰਿਵਾਰ)

ਕੰਮਕਾਜੀ ਮਾਪਿਆਂ ਅਤੇ ਸੰਭਾਲਕਾਂ ਦੀ ਸਹਾਇਤਾ ਕਰਦੀ ਹੈ ਅਤੇ

ਆਪਣੀ ਵੈੱਬਸਾਈਟ ਤੇ ਲਚਕਦਾਰ ਤਰੀਕੇ ਨਾਲ ਕੰਮ ਕਰਨਾ, ਜਣੇਪਾ

ਛੁੱਟੀ ਅਤੇ ਬਾਲ ਸੰਭਾਲ ਬਾਰੇ ਮੁਫ਼ਤ ਤੱਥ ਸ਼ੀਟਾਂ ਦੀ ਪੇਸ਼ਕਸ਼ ਕਰਦੀ ਹੈ

1-3 Berry Street, London EC1V 0AA

ਟੈਲੀਫੋਨ : 020 7253 7243

ਈ-ਮੇਲ : office@workingfamilies.org.uk ਮੁਫ਼ਤ ਕਾਨੂੰਨੀ

ਹੈਲਪਲਾਈਨ : 0800 013 0313 – ਮਾਪਿਆਂ ਅਤੇ ਸੰਭਾਲਕਾਂ ਵਾਸਤੇ

**www.workingfamilies.org.uk**

Work-Life Balance Trust

(ਵਰਕ-ਲਾਈਫ ਬੈਲੈਂਸ ਟਰੱਸਟ)

ਇੰਡੀਪੈਂਡੇਂਟ ਚੈਰਿਟੀ

22 Heath Rise, Kersfield Road, London, SW15 3HF

ਟੈਲੀਫੋਨ : 020 8789 0136 ਫੈਕਸ : 020 8785 4733

ਈ-ਮੇਲ : info@w-lb.org.uk

**www.w-lb.org.uk**

**www.worksmart.org.uk**

**ਵਿਸ਼ਾ ਸੂਚੀ**


**ੳ**

ਉਹਨਾਂ ਦੇ ਵਿਕਾਸ ਅਨੁਸਾਰ ਸਿੱਖਿਆ 46

**ਅ**

ਅਪੰਗਤਾਵਾਂ 54

ਅਪੰਗਤਾ ਰਹਿਣ-ਸਹਿਣ ਭੱਤਾ 58

ਆਫਸਟੈਂਡ 50

**ੲ**

ਇਕਰਾਰਨਾਮੇ 43

ਇੰਟਰਵਿਊ ਲੈਣਾ

- ਇਕਰਾਰਨਾਮੇ 43
- ਪੁੱਛੇ ਜਾਣ ਵਾਸਤੇ ਪ੍ਰਸ਼ਨ 12, 16, 20, 24, 28, 32, 37

**ਸ**

ਸ਼ਿਓਰ ਸਟਾਰਟ 74, 75

ਸੰਕਟਕਾਲੀਨ ਛੁੱਟੀ 69

ਸਕੂਲ ਆਧਰਿਤ ਬਾਲ ਸੰਭਾਲ 34

ਸਕੂਲ ਤੋਂ ਬਾਹਰੀ ਸੰਭਾਲ 35

ਸ਼ਿਕਾਇਤਾਂ 50

ਸਾਧਾਰਨ ਮਾਤਰੀ ਛੁੱਟੀ 66

ਸੁਰੱਖਿਆ 50

ਸ਼ੁਰੂਆਤੀ ਸਿੱਖਿਆ 7, 46

**ਕ**

ਕੰਮ

- ਅਧਿਕਾਰ 70
- ਕੰਮ ਜਾਂ ਪੜ੍ਹਾਈ ਵੱਲ ਵਾਪਸ ਮੁੜਨਾ 68, 69
- ਕੰਮ ਜਾਂ ਪੜ੍ਹਾਈ ਵੱਲ ਵਾਪਸ ਮੁੜਨਾ 68, 69
- ਬਾਲ ਸੰਭਾਲ ਵਿੱਚ ਨੌਕਰੀਆਂ 72, 73
- ਲਚਕਦਾਰ ਘੰਟੇ 70,71

ਕੰਮਕਾਜੀ ਟੈਕਸ ਜਮ੍ਹਾਂ (WTC) 6, 53, 54, 75

ਕੰਮਕਾਜ਼ੀ ਟੈਕਸ ਜਮ੍ਹਾਂ ਦਾ ਬਾਲ ਸੰਭਾਲ ਅੰਸ਼ 59

ਕੌਮੀ ਮਿਆਰ 50

**ਖ**

ਖੇਡ-ਗਰੁੱਪ 26, 62

ਖਰਚੇ 56

- ਸਕੂਲ ਆਧਾਰਿਤ ਬਾਲ ਸੰਭਾਲ 62
- ਦੈਨਿਕ ਨਰਸਰੀਆਂ 60
- ਨੈਨੀਆਂ 60
- ਨਰਸਰੀ ਸਕੂਲ 62
- ਪਹਿਲ-ਸਕੂਲ ਅਤੇ ਖੇਡ ਗਰੁੱਪ 62
- ਬਾਲ ਸੰਭਾਲਕ 60
- ਬਾਲ ਕੇਂਦਰ 62

**ਗ**

ਗੁਣਵਤਾ ਦਾ ਯਕੀਨ 50

**ਘ**

ਘਰੇਲੂ ਬਾਲ ਸੰਭਾਲ 52

**ਜ**

ਜਨਮ ਤੋਂ ਲੈਕੇ ਤਿੰਨ ਸਾਲਾਂ ਤੱਕ ਦਾ ਸਮਾਂ ਮਹੱਤਵਪੂਰਨ ਹੈ 47

**ਟ**

ਟੈਕਸ ਜਮ੍ਹਾਂ 6, 56, 58, 59

**ਦ**

ਦੈਨਿਕ ਨਰਸਰੀਆਂ 18, 60

**ਨ**

ਨੈਨੀਆਂ 14, 60

ਨਰਸਰੀ ਜਮਾਤਾਂ 22, 62

ਨਰਸਰੀ ਸਕੂਲ 22, 62

**ਪ**

ਪਹਿਲ ਸਕੂਲ 26, 62

ਪੁੱਗਣਯੋਗ ਬਾਲ ਸੰਭਾਲ 6

ਪੰਜੀਕਿਰਤ ਸੰਭਾਲ 50

**ਫ**

ਫਾਇਦੇ 66, 67

**ਬ**

ਬੱਚੇ ਦਾ ਵਿਕਾਸ 46

ਬੱਚਿਆਂ ਨੂੰ ਅੰਦਰ ਸਥਾਪਤ ਕਰਨਾ 44

ਬੁਨਿਆਦੀ ਪੜਾਅ 47

ਬਾਲ ਸੰਭਾਲ ਵਿੱਚ ਕੈਰੀਅਰ 72

ਬਾਲ ਭੱਤਾ 67

ਬਾਲ ਟੈਕਸ ਜਮ੍ਹਾਂ 58

ਬਾਲ ਸੰਭਾਲ ਮਨਜ਼ੂਰੀ ਯੋਜਨਾ 52

ਬਾਲ ਸੰਭਾਲਕ 10, 11, 60, 61

ਬਾਲ ਸੰਭਾਲਣ ਨੈਟਵਰਕ 13

ਬਾਲ ਕੇਂਦਰ 30, 31, 62, 63

ਬਾਲ ਜਾਣਕਾਰੀ ਸੇਵਾ 8, 76

ਬਾਲ ਸੰਭਾਲ ਦੀ ਚੋਣ ਕਰਨਾ 8

**ਮ**

ਮਾਤਰੀ ਭੱਤਾ 67

ਮਾਤਰੀ ਛੁੱਟੀ 66

ਮੁਫ਼ਤ ਸ਼ੁਰੂਆਤੀ ਸਿੱਖਿਆ 7

ਮਾਲਕ ਵੱਲੋਂ ਪ੍ਰਦਾਨ ਕੀਤੇ ਜਾਂਦੇ

ਬਾਲ ਸੰਭਾਲ ਵਾਊਚਰ 59

**ਯ**

ਯੋਗਤਾਵਾਂ 53

**ਲ**

ਲਚਕਦਾਰ ਤਰੀਕੇ ਨਾਲ ਕੰਮ ਕਰਨਾ 70, 71

**ਵ**

ਵਿਸ਼ੇਸ਼ ਲੋੜਾਂ 54, 55

ਵਿਕਾਸ 46

ਵਿੱਤੀ ਸਹਾਇਤਾ 58, 66

ਵਿਧਾਨਕ ਪਿਤਰੀ ਤਨਖਾਹ 66

ਵਿਧਾਨਕ ਮਾਤਰੀ ਤਨਖਾਹ 66

ਇਸ ਕਿਤਾਬਚੇ ਦੀਆਂ ਹੋਰ ਕਾਪੀਆਂ ਮੁਫਤ ਲੈਣ ਵਾਸਤੇ, ਸੰਪਰਕ ਕਰੋ : (ਡੀ.ਐਫ.ਈ.ਐਸ. ਪਬਲੀਕੇਸ਼ਨਜ) DfES Publications,

PO Box 5050, Annesley, Nottingham NG15 0DL. ਟੈਲੀਫ਼ੋਨ : 0845 60 222 60.

ਫੈਕਸ : 0845 60 333 60 ਮਿਨੀਕਮ : 0845 60 555 60 ਈ-ਮੇਲ : dfes@prolog.uk.com.

ਕਿਰਪਾ ਕਰਕੇ ਹਵਾਲਾ LEA-1252-2005 ਦਿਓ ਅਤੇ ਉਸਦੇ ਬਾਅਦ ਤੁਹਾਨੂੰ ਲੋੜੀਂਦੀ ਭਾਸ਼ਾ ਦੱਸੋ। ਤੁਸੀਂ www.surestart.gov.uk/lookingforchildcare ਤੇ ਜਾਕੇ ਅੰਗਰੇਜ਼ੀ ਅਤੇ 13 ਹੋਰ ਭਾਸ਼ਾਵਾਂ ਵਿੱਚ ਕਾਪੀਆਂ ਦੇਖ ਸਕਦੇ ਹੋ ਅਤੇ ਡਾਊਨਲੋਡ ਕਰ ਸਕਦੇ ਹੋ।

ਸ਼ਿਓਰ ਸਟਾਰਟ ਇਕਾਈ ਦਾ ਕੰਮ ਕੇਵਲ ਇੰਗਲੈਂਡ ਵਿੱਚ ਹੀ ਲਾਗੂ ਹੁੰਦਾ ਹੈ। ਸਕਾਟਲੈਂਡ, ਵੇਲਜ ਅਤੇ ਉੱਤਰੀ ਆਇਰਲੈਂਡ ਵਿੱਚ ਸ਼ੁਰੂਆਤੀ ਸਿੱਖਿਆ ਅਤੇ ਬਾਲ ਸੰਭਾਲ ਦੀ ਜਿੰਮੇਵਾਰੀ ਸਬੰਧਤ ਪ੍ਰਸ਼ਾਸ਼ਨਾਂ ਦੀ ਹੈ। ਜ਼ਿਆਦਾ ਜਾਣਕਾਰੀ ਵਾਸਤੇ ਹੇਠ ਲਿਖੇ ਵੈੱਬਪੇਜ ਦੇਖੋ :

• Sure Start Northern Ireland (ਸ਼ਿਓਰ ਸਟਾਰਟ ਨੌਰਦਰਨ ਆਇਰਲੈਂਡ)
www.surestart.gov.uk/surestartservices/surestartlocalprogrammes/ssni/
• Sure Start Scotland (ਸ਼ਿਓਰ ਸਟਾਰਟ ਸਕਾਟਲੈਂਡ)
www.surestart.gov.uk/surestartservices/surestartlocalprogrammes/ssscotland/
• Sure Start Wales (ਸ਼ਿਓਰ ਸਟਾਰਟ ਵੇਲਜ)
www.surestart.gov.uk/surestartservices/surestartlocalprogrammes/sswales/

ਜਾਰੀ ਕਰਨ ਦੀ ਤਾਰੀਖ : ਅਪ੍ਰੈਲ 2005
ISBN 1-84478-430-4

ਇਸ ਕਿਤਾਬਚੇ ਵਿਚਲੀ ਜਾਣਕਾਰੀ ਪ੍ਰੈਸ ਵਿੱਚ ਜਾਣ ਸਮੇਂ ਤੱਕ ਸਹੀ ਹੈ। ਨਵੀਨਤਮ ਜਾਣਕਾਰੀ ਵਾਸਤ www.surestart.gov.uk/lookingforchildcare ਦੇਖੋ।

ਇਹ ਕਿਤਾਬਚਾ ਤੁਹਾਡੇ ਵਾਸਤੇ ਸ਼ਿਓਰ ਸਟਾਰਟ ਇਕਾਈ ਵੱਲੋਂ ਲਿਆਂਦਾ ਗਿਆ ਹੈ ਜਿਹੜਾ ਕਿ ਸਿੱਖਿਆ ਅਤੇ ਹੁਨਰ ਵਿਭਾਗ ਅਤੇ ਕੰਮ ਕਤੇ ਪੈਨਸ਼ਨਾਂ ਵਿਭਾਗ ਦਾ ਹਿੱਸਾ ਹੈ।

ਇਸ ਕਿਤਾਬਚੇ ਦਾ ਅਨੁਵਾਦਕ ਰੂਪ DfES Publications, PO Box 5050, Annesley, Nottingham NG15 0DJ ਕੋਲ ਉਪਲਬਧ ਹੈ। ਹਵਾਲਾ LEA-1252-2005 ਦਿਓ ਅਤੇ ਉਸਦੇ ਬਾਅਦ ਤੁਹਾਨੂੰ ਲੋੜੀਂਦੀ ਭਾਸ਼ਾ ਦੱਸੋ।